


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition






## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੀਂ ਦਿੱਲੀ ਵਿੱਚ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਤਾ ਕੀਤੀ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੀਂ ਦਿੱਲੀ ਵਿੱਚ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਤਾ ਕੀਤੀ। ਇਸ ਮੀਟਿੰਗ ਵਿੱਚ ਕਈ ਕੇਂਦਰੀ ਮੰਤਰੀ ਅਤੇ ਸੀਨੀਅਰ ਅਧਿਕਾਰੀ ਸ਼ਾਮਲ ਹੋਏ। ਮੁੱਖ ਤੌਰ 'ਤੇ ਪੈਟਰੋਲੀਅਮ, ਕੱਚੇ ਤੇਲ, ਕੁਦਰਤੀ ਗੈਸ, ਬਿਜਲੀ ਅਤੇ ਖਾਦ ਖੇਤਰਾਂ ਦੀ ਸਥਿਤੀ ਦਾ ਜਾਇਜ਼ਾ ਲਿਆ ਗਿਆ। ਇਹ ਮੀਟਿੰਗ ਵੈਸਟ ਏਸ਼ੀਆ (ਮੱਧ ਪੂਰਬ) ਵਿੱਚ ਵਧ ਰਹੇ ਤਣਾਅ ਅਤੇ ਸੰਘਰਸ਼ ਦੇ ਮੱਦੇਨਜ਼ਰ ਬੁਲਾਈ ਗਈ ਸੀ।ਸੂਤਰਾਂ ਅਨੁਸਾਰ, ਮੀਟਿੰਗ ਦਾ ਮੁੱਖ ਉਦੇਸ਼ ਇਹ ਸੁਨਿਸ਼ਚਿਤ ਕਰਨਾ ਸੀ ਕਿ ਭਾਰਤ ਵਿੱਚ ਜ਼ਰੂਰੀ ਸਰੋਤਾਂ ਦੀ ਸਪਲਾਈ ਵਿੱਚ ਕੋਈ ਵਿਘਨ ਨਾ ਪਵੇ। ਪੈਟਰੋਲੀਅਮ, ਬਿਜਲੀ ਅਤੇ ਖਾਦ ਵਰਗੇ ਖੇਤਰਾਂ ਵਿੱਚ ਅਟੱਲ ਸਪਲਾਈ, ਸਥਿਰ ਲੌਜਿਸਟਿਕਸ ਅਤੇ ਦੇਸ਼ ਭਰ ਵਿੱਚ ਕੁਸ਼ਲ ਵੰਡ ਨੂੰ ਯਕੀਨੀ ਬਣਾਇਆ ਜਾਵੇ। ਵੈਸਟ ਏਸ਼ੀਆ ਵਿੱਚ ਚੱਲ ਰਹੇ ਭੂ-ਰਾਜਨੀਤਿਕ ਵਿਕਾਸਾਂ ਕਾਰਨ ਕਿਸੇ ਵੀ ਸੰਭਾਵਿਤ ਵਿਘਨ ਤੋਂ ਬਚਣ ਲਈ ਤਿਆਰੀਆਂ ਅਤੇ ਉਪਾਵਾਂ ਬਾਰੇ ਵਿਸਥਾਰ ਨਾਲ ਚਰਚਾ ਹੋਈ। ਪ੍ਰਧਾਨ ਮੰਤਰੀ ਨੂੰ ਅਧਿਕਾਰੀਆਂ ਨੇ ਬ੍ਰੀਫਿੰਗ ਦਿੱਤੀ ਕਿ ਸਰਕਾਰ ਸਥਿਤੀ ਨੂੰ ਨੇੜਿਓਂ ਨਿਗਰਾਨੀ ਕਰ ਰਹੀ ਹੈ। ਊਰਜਾ ਸੁਰੱਖਿਆ ਨੂੰ ਮਜ਼ਬੂਤ ਰੱਖਣ ਅਤੇ ਸਪਲਾਈ ਚੇਨ ਨੂੰ ਲਚਕੀਲਾ ਬਣਾਉਣ 'ਤੇ ਜ਼ੋਰ ਦਿੱਤਾ ਗਿਆ। ਖਾਸ ਤੌਰ 'ਤੇ ਆਮ ਲੋਕਾਂ ਅਤੇ ਅਰਥਵਿਵਸਥਾ ਦੇ ਮਹੱਤਵਪੂਰਨ ਖੇਤਰਾਂ 'ਤੇ ਕਿਸੇ ਵੀ ਪ੍ਰਭਾਵ ਨੂੰ ਘੱਟ ਤੋਂ ਘੱਟ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਕੈਬਨਿਟ ਦੀ ਅਹਿਮ ਮੀਟਿੰਗ 29 ਮਾਰਚ 2026 ਨੂੰ



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਕੈਬਨਿਟ ਦੀ ਅਹਿਮ ਮੀਟਿੰਗ 29 ਮਾਰਚ 2026 ਨੂੰ ਬੁਲਾਈ ਗਈ ਹੈ। ਇਹ ਖ਼ਬਰ ਰੋਜ਼ਾਨਾ ਸਪੋਕਸਮੈਨ ਅਖ਼ਬਾਰ ਵਿੱਚ ਛਪੀ ਹੈ ਅਤੇ ਚੰਡੀਗੜ੍ਹ ਤੋਂ ਇਸ ਦੀ ਪੁਸ਼ਟੀ ਹੋਈ ਹੈ। ਇਸ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਕਈ ਅਹਿਮ ਫੈਸਲੇ ਲਏ ਜਾ ਸਕਦੇ ਹਨ ਜੋ ਸੂਬੇ ਦੇ ਲੋਕਾਂ ਦੇ ਹਿੱਤਾਂ ਨਾਲ ਜੁੜੇ ਹੋਣਗੇ।ਪੰਜਾਬ ਸਰਕਾਰ ਲਗਾਤਾਰ ਲੋਕ ਭਲਾਈ ਦੇ ਕੰਮਾਂ ਵੱਲ ਧਿਆਨ ਦੇ ਰਹੀ ਹੈ। ਹਾਲ ਹੀ ਵਿੱਚ ਹੋਈਆਂ ਕੈਬਨਿਟ ਮੀਟਿੰਗਾਂ ਵਿੱਚ ਵੱਡੇ ਫੈਸਲੇ ਲਏ ਗਏ ਸਨ ਜਿਵੇਂ ਕਿ 2026-27 ਲਈ ਬਜਟ ਅਨੁਮਾਨਾਂ ਨੂੰ ਮਨਜ਼ੂਰੀ ਦੇਣਾ, ਸਪੋਰਟਸ ਵਿਭਾਗ ਵਿੱਚ ਨੌਕਰੀਆਂ ਲਈ ਖਿਡਾਰੀਆਂ ਨੂੰ 3% ਕੋਟਾ ਦੇਣਾ, ਬਿਲਡਿੰਗ ਨਿਯਮਾਂ ਵਿੱਚ ਬਦਲਾਅ, ਲੁਧਿਆਣਾ ਵਿੱਚ ਨਵਾਂ ਸਬ-ਤਹਿਸੀਲ ਬਣਾਉਣਾ ਅਤੇ ਬਰਨਾਲਾ ਨਗਰ ਕੌਂਸਲ ਨੂੰ ਨਗਰ ਨਿਗਮ ਵਿੱਚ ਤਬਦੀਲ ਕਰਨਾ। ਇਹ ਸਾਰੇ ਫੈਸਲੇ ਲੋਕਾਂ ਨੂੰ ਸਿੱਧਾ ਫਾਇਦਾ ਪਹੁੰਚਾਉਣ ਵਾਲੇ ਸਨ।

## ਪੰਜਾਬ ਦੇ ਬਟਾਲਾ ਸ਼ਹਿਰ ਵਿੱਚ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ ਜਿਸ



ਪੰਜਾਬ ਦੇ ਬਟਾਲਾ ਸ਼ਹਿਰ ਵਿੱਚ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ ਜਿਸ ਨੇ ਸਾਰੇ ਇਲਾਕੇ ਵਿੱਚ ਹਲਚਲ ਮਚਾ ਦਿੱਤੀ ਹੈ। ਇੱਕ ਰਿਸ਼ਤਾ ਤੈਅ ਹੋਣ ਤੋਂ ਬਾਅਦ ਸ਼ਗਨ ਦੇ ਦਿਨ, ਜਦੋਂ ਲਾੜੇ ਵਾਲੇ ਪਰਿਵਾਰ ਸ਼ਗਨ ਪਾਉਣ ਲਈ ਪਹੁੰਚੇ ਤਾਂ ਲੜਕੀ ਦੇ ਮਾਪਿਆਂ ਨੇ ਅਚਾਨਕ ਵਿਆਹ ਤੋਂ ਸਾਫ਼ ਇਨਕਾਰ ਕਰ ਦਿੱਤਾ। ਇਸ ਘਟਨਾ ਕਾਰਨ ਦੋਵੇਂ ਪਰਿਵਾਰਾਂ ਵਿੱਚ ਭਾਰੀ ਗੁੱਸਾ ਅਤੇ ਨਾਰਾਜ਼ਗੀ ਵੇਖਣ ਨੂੰ ਮਿਲੀ।ਜਾਣਕਾਰੀ ਮੁਤਾਬਕ, ਬਟਾਲਾ ਦੇ ਇੱਕ ਪਿੰਡ ਨਾਲ



ਚੰਡੀਗੜ੍ਹ ਵਿੱਚ ਅੱਜ ਇੱਕ ਵੱਡਾ ਅਤੇ ਤਣਾਅਪੂਰਨ ਵਿਰੋਧ ਪ੍ਰਦਰਸ਼ਨ ਹੋਇਆ

## ਸ਼੍ਰੋਮਣੀ ਅਕਾਲੀ ਦਲ , ਕਾਂਗਰਸ ਅਤੇ (ਭਾਜਪਾ) ਦੇ ਆਗੂ ਅਤੇ ਵਰਕਰ ਸ਼ਾਮਲ ਹੋਏ

ਚੰਡੀਗੜ੍ਹ ਵਿੱਚ ਅੱਜ ਇੱਕ ਵੱਡਾ ਅਤੇ ਤਣਾਅਪੂਰਨ ਵਿਰੋਧ ਪ੍ਰਦਰਸ਼ਨ ਹੋਇਆ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ (ਅਕਾਲੀ), ਭਾਰਤੀ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਆਗੂ ਅਤੇ ਵਰਕਰ ਸ਼ਾਮਲ ਹੋਏ। ਇਹ ਪ੍ਰਦਰਸ਼ਨ ਪੰਜਾਬ ਸਰਕਾਰ ਵਿਰੋਧੀ ਸੀ ਅਤੇ ਇਸ ਦਾ ਮੁੱਖ ਕਾਰਨ ਪੰਜਾਬ ਦੇ ਜ਼ਿਲ੍ਹਾ ਵੇਅਰਹਾਊਸ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਦਾ ਮਾਮਲਾ ਸੀ। ਇਸ ਘਟਨਾ ਨੇ ਪੰਜਾਬ ਦੇ ਸਿਆਸੀ ਮਾਹੌਲ ਨੂੰ ਬਹੁਤ ਗਰਮਾ ਦਿੱਤਾ ਹੈ ਅਤੇ ਵੱਖ-ਵੱਖ ਪਾਰਟੀਆਂ ਨੇ ਇਸ ਨੂੰ ਆਪਣੇ ਹੱਕ ਵਿੱਚ ਵਰਤਦੇ ਹੋਏ ਸਰਕਾਰ 'ਤੇ ਦਬਾਅ ਬਣਾਇਆ।

ਗਗਨਦੀਪ ਸਿੰਘ ਰੰਧਾਵਾ ਦੇ ਪਰਿਵਾਰ ਨੇ ਸਾਬਕਾ ਆਮ ਆਦਮੀ ਪਾਰਟੀ (ਆਪ) ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਭੁੱਲਰ 'ਤੇ ਗੰਭੀਰ ਦੋਸ਼ ਲਗਾਏ ਹਨ। ਪਰਿਵਾਰ ਦਾ ਕਹਿਣਾ ਹੈ ਕਿ ਇਹਨਾਂ ਲੋਕਾਂ ਕਾਰਨ ਗਗਨਦੀਪ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਅਤੇ ਉਹਨਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਮ੍ਰਿਤਕ ਦੀ ਪਤਨੀ ਉਪਿੰਦਰ ਕੌਰ ਨੇ ਅੰਮ੍ਰਿਤਸਰ ਵਿੱਚ ਪ੍ਰੈੱਸ ਕਾਨਫਰੰਸ ਕਰਕੇ ਸਾਫ਼ ਕਿਹਾ ਕਿ ਜਦੋਂ ਤੱਕ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ, ਉਦੋਂ ਤੱਕ ਪੋਸਟਮਾਰਟਮ ਨਹੀਂ ਹੋਵੇਗਾ ਅਤੇ ਅੰਤਿਮ ਸੰਸਕਾਰ ਵੀ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ, "ਇਹ ਸਿਰਫ਼ ਸਾਡੇ ਪਰਿਵਾਰ ਦੀ ਲੜਾਈ ਨਹੀਂ, ਸਗੋਂ ਸੱਚ ਅਤੇ ਇਨਸਾਫ਼ ਲਈ ਸੰਘਰਸ਼ ਹੈ।" ਪਰਿਵਾਰ ਨੇ ਇਹ ਵੀ ਦੋਸ਼ ਲਗਾਇਆ ਕਿ ਮਾਮਲੇ ਵਿੱਚ ਉੱਚ ਪੱਧਰੀ ਦਬਾਅ ਪਾਇਆ ਜਾ ਰਿਹਾ ਹੈ ਅਤੇ ਨਿਆਂ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਮਾਮਲੇ ਨੂੰ ਲੈ ਕੇ ਅਕਾਲੀ, ਕਾਂਗਰਸ ਅਤੇ ਭਾਜਪਾ ਨੇ ਚੰਡੀਗੜ੍ਹ ਵਿੱਚ ਇੱਕੱਠੇ ਵੱਡੀ ਗਿਣਤੀ ਵਿੱਚ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਪੁਲਿਸ ਵੱਲੋਂ ਲਗਾਏ ਬੈਰੀਕੇਡਾਂ ਨੂੰ ਤੋੜ ਦਿੱਤਾ ਅਤੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ।

ਇਸ ਨਾਲ ਹਾਲਾਤ ਬਹੁਤ ਤਣਾਅਪੂਰਨ ਹੋ ਗਏ ਅਤੇ ਪੁਲਿਸ ਨੂੰ ਸਥਿਤੀ ਕਾਬੂ ਵਿੱਚ ਕਰਨ ਲਈ ਵਾਟਰ ਕੈਨਨ (ਪਾਣੀ ਦੀਆਂ ਬੋਛਾਰਾਂ) ਦੀ ਵਰਤੋਂ ਕਰਨੀ ਪਈ। ਪੁਲਿਸ ਨੇ ਕਈ ਵਰਕਰਾਂ ਨੂੰ ਹਿਰਾਸਤ ਵਿੱਚ ਵੀ ਲੈ ਲਿਆ। ਇਲਾਕੇ ਵਿੱਚ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਸੀ ਤਾਂ ਜੋ ਕੋਈ ਵੱਡੀ ਘਟਨਾ ਨਾ ਵਾਪਰੇ।ਗਗਨਦੀਪ ਸਿੰਘ ਰੰਧਾਵਾ ਦੇ ਪਰਿਵਾਰ ਨੇ ਸਾਬਕਾ ਆਮ ਆਦਮੀ ਪਾਰਟੀ (ਆਪ) ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਭੁੱਲਰ 'ਤੇ ਗੰਭੀਰ ਦੋਸ਼ ਲਗਾਏ ਹਨ। ਪਰਿਵਾਰ ਦਾ ਕਹਿਣਾ ਹੈ ਕਿ ਇਹਨਾਂ ਲੋਕਾਂ ਕਾਰਨ ਗਗਨਦੀਪ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਅਤੇ ਉਹਨਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਮ੍ਰਿਤਕ ਦੀ ਪਤਨੀ ਉਪਿੰਦਰ ਕੌਰ ਨੇ ਅੰਮ੍ਰਿਤਸਰ ਵਿੱਚ ਪ੍ਰੈੱਸ ਕਾਨਫਰੰਸ ਕਰਕੇ ਸਾਫ਼ ਕਿਹਾ ਕਿ ਜਦੋਂ ਤੱਕ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ, ਉਦੋਂ ਤੱਕ ਪੋਸਟਮਾਰਟਮ ਨਹੀਂ ਹੋਵੇਗਾ ਅਤੇ ਅੰਤਿਮ ਸੰਸਕਾਰ ਵੀ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ, "ਇਹ ਸਿਰਫ਼ ਸਾਡੇ ਪਰਿਵਾਰ ਦੀ ਲੜਾਈ ਨਹੀਂ, ਸਗੋਂ ਸੱਚ ਅਤੇ ਇਨਸਾਫ਼ ਲਈ ਸੰਘਰਸ਼ ਹੈ।" ਪਰਿਵਾਰ ਨੇ ਇਹ ਵੀ ਦੋਸ਼ ਲਗਾਇਆ ਕਿ ਮਾਮਲੇ ਵਿੱਚ ਉੱਚ ਪੱਧਰੀ ਦਬਾਅ ਪਾਇਆ ਜਾ ਰਿਹਾ ਹੈ ਅਤੇ ਨਿਆਂ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਮਾਮਲੇ ਨੂੰ ਲੈ ਕੇ ਅਕਾਲੀ, ਕਾਂਗਰਸ ਅਤੇ ਭਾਜਪਾ ਨੇ ਚੰਡੀਗੜ੍ਹ ਵਿੱਚ ਇੱਕੱਠੇ ਵੱਡੀ ਗਿਣਤੀ ਵਿੱਚ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਪੁਲਿਸ ਵੱਲੋਂ ਲਗਾਏ ਬੈਰੀਕੇਡਾਂ ਨੂੰ ਤੋੜ ਦਿੱਤਾ ਅਤੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ। ਇਸ ਨਾਲ ਹਾਲਾਤ ਬਹੁਤ ਤਣਾਅਪੂਰਨ ਹੋ ਗਏ ਅਤੇ ਪੁਲਿਸ ਨੂੰ ਸਥਿਤੀ ਕਾਬੂ ਵਿੱਚ ਕਰਨ ਲਈ ਵਾਟਰ ਕੈਨਨ (ਪਾਣੀ ਦੀਆਂ ਬੋਛਾਰਾਂ) ਦੀ ਵਰਤੋਂ ਕਰਨੀ ਪਈ। ਪੁਲਿਸ ਨੇ ਕਈ ਵਰਕਰਾਂ ਨੂੰ ਹਿਰਾਸਤ ਵਿੱਚ ਵੀ ਲੈ ਲਿਆ। ਇਲਾਕੇ ਵਿੱਚ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਸੀ ਤਾਂ ਜੋ ਕੋਈ ਵੱਡੀ ਘਟਨਾ ਨਾ ਵਾਪਰੇ। ਪ੍ਰਦਰਸ਼ਨ ਦੌਰਾਨ ਵਾਪਰੀਆਂ ਘਟਨਾਵਾਂ ਨੇ ਇਹ ਸਾਬਤ ਕਰ ਦਿੱਤਾ ਕਿ ਇਹ ਮਾਮਲਾ ਸਿਰਫ਼ ਇੱਕ ਵਿਅਕਤੀਗਤ ਘਟਨਾ ਨਹੀਂ ਸਗੋਂ ਪੰਜਾਬ ਦੀ ਸਿਆਸਤ ਵਿੱਚ ਵੱਡਾ ਬਦਲਾਅ ਲਿਆ ਸਕਦਾ ਹੈ। ਅਕਾਲੀ, ਕਾਂਗਰਸ ਅਤੇ ਭਾਜਪਾ ਵਰਗੀਆਂ ਵੱਡੀਆਂ ਪਾਰਟੀਆਂ ਦਾ ਇੱਕੱਠੇ ਆਉਣਾ ਆਪ ਸਰਕਾਰ ਲਈ ਚੁਣੌਤੀ ਵਧਾ ਸਕਦਾ ਹੈ।

**Cee7 NEWS** ਵਿਆਹ-ਸ਼ਾਦੀਆਂ ਅਤੇ ਤਿਉਹਾਰਾਂ ਦੇ ਮੌਕੇ 'ਤੇ ਸੋਨਾ ਖਰੀਦਣ ਦੀ ਰਿਵਾਜ ਹੈ


## ਸੋਨੇ ਦੇ ਭਾਅ ਡਿੱਗੇ, ਖਰੀਦਦਾਰਾਂ ਵਿੱਚ ਖੁਸ਼ੀ ਦੀ ਲਹਿਰ

ਸੋਨੇ ਦੀਆਂ ਕੀਮਤਾਂ ਵਿੱਚ ਵੱਡੀ ਗਿਰਾਵਟ ਆਈ ਹੈ ਅਤੇ ਇਹ ਖਬਰ ਪੰਜਾਬ ਦੇ ਲੋਕਾਂ ਲਈ ਬਹੁਤ ਮਹੱਤਵਪੂਰਨ ਹੈ। ਖਾਸ ਕਰਕੇ ਲੁਧਿਆਣਾ ਵਰਗੇ ਸ਼ਹਿਰਾਂ ਵਿੱਚ ਜਿੱਥੇ ਵਿਆਹ-ਸ਼ਾਦੀਆਂ ਅਤੇ ਤਿਉਹਾਰਾਂ ਦੇ ਮੌਕੇ 'ਤੇ ਸੋਨਾ ਖਰੀਦਣ ਦੀ ਰਿਵਾਜ ਹੈ, ਇਹ ਗਿਰਾਵਟ ਇੱਕ ਵਧੀਆ ਮੌਕਾ ਬਣ ਸਕਦੀ ਹੈ। ਲੇਖ ਵਿੱਚ ਦੱਸੇ ਅਨੁਸਾਰ, ਸੋਨੇ ਦੀਆਂ ਕੀਮਤਾਂ ਵਿੱਚ ਭਾਰੀ ਹਲਚਲ ਹੋਈ ਹੈ ਅਤੇ ਇੱਕ ਹਫ਼ਤੇ ਵਿੱਚ ਹੀ 24 ਕੈਰੇਟ ਸੋਨੇ ਵਿੱਚ ₹13,690 ਦੀ ਗਿਰਾਵਟ ਆਈ ਹੈ। ਅੱਜ (22 ਮਾਰਚ 2026) ਦੀ ਤਾਜ਼ਾ ਸਥਿਤੀ ਅਨੁਸਾਰ, ਦਿੱਲੀ ਵਿੱਚ 24 ਕੈਰੇਟ ਸੋਨਾ ₹146,120 ਪ੍ਰਤੀ 10 ਗ੍ਰਾਮ 'ਤੇ ਵਪਾਰ ਕਰ ਰਿਹਾ ਹੈ। ਮੁੰਬਈ ਵਿੱਚ ਇਹ ₹145,970 ਪ੍ਰਤੀ 10 ਗ੍ਰਾਮ ਹੈ। ਪੰਜਾਬ ਵਿੱਚ ਵੀ ਕੀਮਤਾਂ ਇਸੇ ਰੇਂਜ ਵਿੱਚ ਹਨ ਅਤੇ ਲੁਧਿਆਣਾ ਵਿੱਚ ਅੱਜ 24 ਕੈਰੇਟ ਸੋਨਾ ਲਗਭਗ ₹146,000 ਤੋਂ ₹152,000 ਪ੍ਰਤੀ 10 ਗ੍ਰਾਮ ਦੇ ਆਸ-ਪਾਸ ਦੱਸੀ ਜਾ ਰਹੀ ਹੈ, ਜੋ ਪਿਛਲੇ ਦਿਨਾਂ ਨਾਲੋਂ ਘੱਟ ਹੈ।

ਇਸ ਗਿਰਾਵਟ ਦੇ ਮੁੱਖ ਕਾਰਨ ਮਹਿੰਗਾਈ ਪ੍ਰਤੀ ਵਧਦੀ ਚਿੰਤਾ, ਕੇਂਦਰੀ ਬੈਂਕਾਂ ਵੱਲੋਂ ਸਖ਼ਤ ਨੀਤੀਆਂ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹਨ। ਅੰਤਰਰਾਸ਼ਟਰੀ ਬਾਜ਼ਾਰ ਵਿੱਚ ਸੋਨੇ ਦੀ ਸਪਾਟ ਕੀਮਤ $4,663.54 ਪ੍ਰਤੀ ਔਂਸ 'ਤੇ ਹੈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਮਰੀਕੀ ਡਾਲਰ ਦੀ ਮਜ਼ਬੂਤੀ ਅਤੇ ਮੈਕਰੋ-ਆਰਥਿਕ ਅਨਿਸ਼ਚਿਤਤਾਵਾਂ ਕਾਰਨ ਸੋਨੇ 'ਤੇ ਦਬਾਅ ਬਣਿਆ ਹੋਇਆ ਹੈ। ਪੰਜਾਬ ਵਿੱਚ ਲੋਕ ਅਕਸਰ ਸੋਨੇ ਨੂੰ ਨਿਵੇਸ਼ ਅਤੇ ਜਵੈਲਰੀ ਲਈ ਖਰੀਦਦੇ ਹਨ, ਇਸ ਲਈ ਇਹ ਸਮਾਂ ਖਰੀਦਣ ਲਈ ਵਧੀਆ ਹੋ ਸਕਦਾ ਹੈ ਪਰ ਸਾਵਧਾਨੀ ਵੀ ਜ਼ਰੂਰੀ ਹੈ।

ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕੀਮਤਾਂ ਵਿੱਚ ਥੋੜ੍ਹਾ ਫਰਕ ਹੁੰਦਾ ਹੈ ਪਰ ਲੁਧਿਆਣਾ ਵਿੱਚ ਅੱਜ 22 ਕੈਰੇਟ ਸੋਨਾ ਲਗਭਗ ₹133,800 ਤੋਂ ₹134,000 ਪ੍ਰਤੀ 10 ਗ੍ਰਾਮ ਅਤੇ 24 ਕੈਰੇਟ ₹145,000 ਤੋਂ ₹146,000 ਦੇ ਵਿਚਕਾਰ ਹੈ। ਇਹ ਗਿਰਾਵਟ ਮਾਰਚ ਮਹੀਨੇ ਵਿੱਚ ਹੀ 15-16% ਤੱਕ ਪਹੁੰਚ ਗਈ ਹੈ ਜੋ ਕਿ ਬਹੁਤ ਵੱਡੀ ਹੈ। ਪਿਛਲੇ ਮਹੀਨਿਆਂ ਵਿੱਚ ਸੋਨਾ ਰਿਕਾਰਡ ਉੱਚੇ ਪੱਧਰ 'ਤੇ ਪਹੁੰਚਿਆ ਸੀ ਪਰ ਹੁਣ ਗਿਰਾਵਟ ਨੇ ਨਿਵੇਸ਼ਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਜੇਕਰ ਤੁਸੀਂ ਸੋਨਾ ਖਰੀਦਣ ਦੀ ਸੋਚ ਰਹੇ ਹੋ ਤਾਂ ਇਹ ਮੌਕਾ ਖੁੰਝਣਾ ਨਹੀਂ ਚਾਹੀਦਾ ਪਰ ਬਾਜ਼ਾਰ ਦੀ ਨਿਗਰਾਨੀ ਜ਼ਰੂਰ ਕਰੋ। ਚਾਂਦੀ ਦੀਆਂ ਕੀਮਤਾਂ ਵਿੱਚ ਵੀ ਗਿਰਾਵਟ ਆਈ ਹੈ ਪਰ ਸੋਨੇ ਵਾਂਗ ਨਹੀਂ। ਮਾਹਿਰਾਂ ਦਾ ਕਹਿਣਾ ਹੈ ਕਿ ਭਵਿੱਖ ਵਿੱਚ ਕੀਮਤਾਂ ਵਿੱਚ ਉਛਾਲ ਵੀ ਆ ਸਕਦਾ ਹੈ ਜੇਕਰ ਵਿਸ਼ਵ ਪੱਧਰ 'ਤੇ ਅਸਥਿਰਤਾ ਵਧੀ।



ਅੱਜ ਦੀਆਂ ਕੀਮਤਾਂ ਦੇ ਹਿਸਾਬ ਨਾਲ, 10 ਗ੍ਰਾਮ 24 ਕੈਰੇਟ ਸੋਨਾ ਖਰੀਦਣ ਲਈ ਲਗਭਗ ₹1,46,000 ਖਰਚ ਹੋਵੇਗਾ ਜੋ ਪਿਛਲੇ ਹਫ਼ਤੇ ਨਾਲੋਂ ਘੱਟ ਹੈ। ਲੁਧਿਆਣਾ ਦੇ ਸਰਾਫਾ ਬਾਜ਼ਾਰ ਵਿੱਚ ਵੀ ਇਹੀ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਜੇਕਰ ਤੁਸੀਂ ਵਿਆਹ ਜਾਂ ਤਿਉਹਾਰ ਲਈ ਖਰੀਦ ਰਹੇ ਹੋ ਤਾਂ ਇਸ ਗਿਰਾਵਟ ਨੂੰ ਫਾਇਦਾ ਉਠਾਓ ਪਰ ਕਿਸੇ ਵਿਸ਼ਵਸਨੀਯ ਸਰਾਫੇ ਤੋਂ ਹੀ ਖਰੀਦੋ ਅਤੇ ਹਾਲ ਦੀਆਂ ਕੀਮਤਾਂ ਚੈੱਕ ਕਰੋ ਕਿਉਂਕਿ ਬਾਜ਼ਾਰ ਬਦਲਦਾ ਰਹਿੰਦਾ ਹੈ। ਇਹ ਗਿਰਾਵਟ ਅਸਥਾਈ ਵੀ ਹੋ ਸਕਦੀ ਹੈ ਅਤੇ ਜਲਦੀ ਰਿਕਵਰੀ ਵੀ ਹੋ ਸਕਦੀ ਹੈ।ਜੇਕਰ ਤੁਸੀਂ ਸੋਨਾ ਖਰੀਦਣ ਦੀ ਸੋਚ ਰਹੇ ਹੋ ਤਾਂ ਇਹ ਮੌਕਾ ਖੁੰਝਣਾ ਨਹੀਂ ਚਾਹੀਦਾ ਪਰ ਬਾਜ਼ਾਰ ਦੀ ਨਿਗਰਾਨੀ ਜ਼ਰੂਰ ਕਰੋ। ਚਾਂਦੀ ਦੀਆਂ ਕੀਮਤਾਂ ਵਿੱਚ ਵੀ ਗਿਰਾਵਟ ਆਈ ਹੈ ਪਰ ਸੋਨੇ ਵਾਂਗ ਨਹੀਂ। ਮਾਹਿਰਾਂ ਦਾ ਕਹਿਣਾ ਹੈ ਕਿ ਭਵਿੱਖ ਵਿੱਚ ਕੀਮਤਾਂ ਵਿੱਚ ਉਛਾਲ ਵੀ ਆ ਸਕਦਾ ਹੈ ਜੇਕਰ ਵਿਸ਼ਵ ਪੱਧਰ 'ਤੇ ਅਸਥਿਰਤਾ ਵਧੀ। ਪੰਜਾਬੀ ਪਰਿਵਾਰਾਂ ਲਈ ਸੋਨਾ ਨਾ ਸਿਰਫ਼ ਨਿਵੇਸ਼ ਹੈ ਸਗੋਂ ਭਾਵਨਾਤਮਕ ਮੁੱਲ ਵੀ ਰੱਖਦਾ ਹੈ। ਇਸ ਲਈ ਸਹੀ ਸਮੇਂ 'ਤੇ ਖਰੀਦ ਕੇ ਲਾਭ ਲਿਆ ਜਾ ਸਕਦਾ ਹੈ।

ਅੱਜ ਦੀਆਂ ਕੀਮਤਾਂ ਦੇ ਹਿਸਾਬ ਨਾਲ, 10 ਗ੍ਰਾਮ 24 ਕੈਰੇਟ ਸੋਨਾ ਖਰੀਦਣ ਲਈ ਲਗਭਗ ₹1,46,000 ਖਰਚ ਹੋਵੇਗਾ ਜੋ ਪਿਛਲੇ ਹਫ਼ਤੇ ਨਾਲੋਂ ਘੱਟ ਹੈ। ਲੁਧਿਆਣਾ ਦੇ ਸਰਾਫਾ ਬਾਜ਼ਾਰ ਵਿੱਚ ਵੀ ਇਹੀ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਜੇਕਰ ਤੁਸੀਂ ਵਿਆਹ ਜਾਂ ਤਿਉਹਾਰ ਲਈ ਖਰੀਦ ਰਹੇ ਹੋ ਤਾਂ ਇਸ ਗਿਰਾਵਟ ਨੂੰ ਫਾਇਦਾ ਉਠਾਓ ਪਰ ਕਿਸੇ ਵਿਸ਼ਵਸਨੀਯ ਸਰਾਫੇ ਤੋਂ ਹੀ ਖਰੀਦੋ

# ਕਦੇ ਨਹੀਂ ਕਿਹਾ ਕਿ ਪ੍ਰਮਾਤਮਾਂ ਨੇ ਮਿਹਨਤ ਦੇ ਹਿਸਾਬ ਨਾਲ ਫਲ ਨਹੀਂ ਦਿੱਤਾ। ਕਿਉਕਿ ਉਹਨੇ ਗੁਨਾਹਾਂ ਦੇ ਹਿਸਾਬ ਨਾਲ ਸਜਾ ਵੀ ਨਹੀਂ ਦਿੱਤੀ।



ਕਦੇ ਨਹੀਂ ਕਿਹਾ ਕਿ ਪ੍ਰਮਾਤਮਾਂ ਨੇ ਮਿਹਨਤ ਦੇ ਹਿਸਾਬ ਨਾਲ ਫਲ ਨਹੀਂ ਦਿੱਤਾ। ਕਿਉਕਿ ਉਹਨੇ ਗੁਨਾਹਾਂ ਦੇ ਹਿਸਾਬ ਨਾਲ ਸਜਾ ਵੀ ਨਹੀਂ ਦਿੱਤੀ। ਪ੍ਰਮਾਤਮਾਂ ਨੇ ਜੁਨੈਦ ਜਮਸ਼ੇਦ ਦੀ ਮਿਹਨਤ ਦਾ ਜਿਹੜਾ ਮੁੱਲ ਪਾਇਆ ਸਾਇਦ ਹੀ ਕਿਸੇ ਨੇ ਇਨੀ ਸ਼ੋਹਰਤ ਕਮਾਈ ਹੋਵੇ। ਮੈਨੂੰ ਵੀ ਜੁਨੈਦ ਜਮਸ਼ੇਦ ਵਾਂਗ ਇੱਕਵਾਲ ਸਿੰਘ ਦੀ ਪੁਲਿਸ ਵਰਦੀ ਪਾਉਂਣ ਤੋਂ ਲੈਕੇ ਕੈਬਿਨਟ ਦੇ ਹਰੇ ਪੈੱਨ ਤੱਕ ਜਿੰਨਾ ਚੀਜਾਂ ਗਲੈਮਰ ਨੂੰ ਬਹੁਤੇ ਸੁਪਨੇ ਜਾਂ ਟੈਲੀਵਿਜ਼ਨ ਉੱਪਰ ਵੇਖਦੇ। ਉਹ ਸਭ ਫਿਜੀਕਲ ਤੌਰ ਉੱਤੇ ਮਿਲ ਗਈਆਂ ਸਨ।

ਜੁਨੈਦ ਜਮਸ਼ੇਦ ਤੋਂ ਹੀ ਇੱਕ ਕਿੱਸਾ ਚੇਤੇ ਆਇਆ, ਹਜਰਤ ਉਮਰ ਦੇ ਜ਼ਮਾਨੇ ' ਚ ਸਿੰਗਰ ਸੀ। ਜਿਸ ਕੋਲ ਗਲੈਮਰ ਵਾਲੀਆਂ ਸਾਰੀਆਂ ਚੀਜਾਂ ਫਿਜੀਕਲ ਤੌਰ ਉੱਤੇ ਮੌਜੂਦ ਸਨ। ਜਦ ਉਹ ਗਾਇਕ ਬੁੱਢਾ ਹੋ ਗਿਆ ਅਵਾਜ ਬੰਦ ਹੋਈ ਤਾਂ ਰੋਟੀ ਦਾ ਗੁਜਾਰਾ ਕਰਨਾ ਔਖਾ ਹੋਇਆ। ਧਾਰਮਿਕ ਅਸਥਾਨ ਉੱਤੇ ਬੈਠਾ ਪ੍ਰਮਾਤਮਾਂ ਨੂੰ ਕਹਿਦਾ ਅਵਾਜ ਸੀ ਤਾਂ ਚੁੱਲ੍ਹਾ ਤਪਦਾ ਸੀ। ਰੋਟੀ ਤੋਂ ਭੁੱਖਾ ਤੁਰਿਆ ਫਿਰਦਾ ਤੇਰੇ ਦਰ ਬੈਠਾ ਹਾਂ।

ਜਦੋਂ ਪ੍ਰਮਾਤਮਾਂ ਨੂੰ ਸੱਚੇ ਦਿਲ ਤੋਂ ਬੈਠਕੇ ਅਵਾਜ ਮਾਰੀਏ ਕੋਈ ਸਖ਼ਸ ਜਿੰਦਗੀ ' ਚ ਜਰੂਰ ਆਉਂਦਾ। ਜਿਹੜਾ ਸਿਰ ਉੱਤੇ ਪਰਨਾ ਬੰਨ੍ਹ , ਪੈਰੀਂ ਚੱਪਲਾਂ ਅਤੇ ਦਾਹੜੀ ਖੁੱਲ੍ਹੀ ਛੱਡ ਵਰਦੇ ਮੀਂਹ ਵਿੱਚ ਵੀ ਭੱਜਦਾ। ਉਹ ਅਜਿਹੀ ਅਮਾਨਤ ਹੁੰਦੈ ਜਿਹੜਾ ਕਬੀਲੇ ਦੀ ਵਸੀਅਤ ਤੋਂ ਵੀ ਜਿਆਦਾ ਕੀਮਤੀ। ਜਿਹੜਾ ਭੁੱਖੇ ਦਾ ਢਿੱਡ ਭਰਦਾ, ਤਨ ਢਕਣ ਲਈ ਕੱਪੜੇ ਜੁੱਤੇ ਦਿੰਦੈ। ਜਿਹੜਾ ਸਾਡੇ ਦੁੱਖ ਸੁੱਖ ਅਤੇ ਤਰੱਕੀ ਨੂੰ ਆਪਣਾ ਸਮਝਦਾ। ਨਹੀਂ ਤਾਂ ਜਦ ਰੱਬ ਦਾ ਕੋਈ ਨੇਕ ਬੰਦਾ ਪਿਆਰ ਦੀ ਭੁੱਖ ' ਚ ਮਰਦਾ ਇਮਾਮ ਸਾਹਿਬ ਵਾਂਗ ਚੰਦਾ ਇਕੱਠਾ ਕਰਨ ਲਈ ਸਪੀਕਰਾਂ ' ਚ ਹੋਕਾ ਦਿੱਤਾ ਜਾਂਦਾ। ਅਦਮਲੈ ਇਸਲਾਮ ਦੀ ਇੱਕ ਗਲਤੀ ਉੱਤੇ ਉਸਦੇ ਕੱਪੜੇ ਉਤਾਰ ਦਿੱਤੇ ਗਏ ਘਰ ਘਰ ਵਿੱਚ ਜ਼ਲੀਲ ਕਰਿਆ ਗਿਆ , ਪਤਨੀ ਤੋਂ ਦੂਰ ਕਰ ਦਿੱਤਾ ਗਿਆ। ਦੂਜੇ ਪਾਸੇ ਕੰਜ਼ਰ ਸ਼ਬਦ ਬੇਸ਼ੱਕ ਬਦਨਾਮ ਐ ਮੈਨੂੰ ਕੰਜ਼ਰ ਨਾਮ ਤੋਂ ਵਾਹ - ਵਾਹ ਮਿਲ ਗਈ।

ਜਵਾਨੀ ਵਿੱਚ ਹੀ ਖਾਮਨੇਈ ਵਾਂਗ ( ਜਿਸਨੂੰ ਪੰਜਵੀਂ ਜਮਾਤ ਤੋਂ ਪੜ੍ਹਦਾ ਆ ਰਿਹਾਂ ) ਆਪਣੀਆਂ ਜੇਬ੍ਹਾਂ ' ਚ ਦੋ ਰੁਮਾਲ ਰੱਖਦਾ ਹਾਂ। ਇੱਕ ਹੱਥ ਸਾਫ਼ ਕਰਨ ਲਈ ਦੂਜਾ ਅੱਖਾਂ ਦਾ ਪਾਣੀ ਸਾਫ਼ ਕਰਨ ਲਈ। ਮੈਨੂੰ ਪਤਾ ਜਦ ਸਿੰਘਾਸਨ ਹੱਥੋਂ ਨਿੱਕਲਦੇ ਹੋਣ ਗੱਦਾਰ ਬੰਦੇ ਮੁੱਖ ਲੀਡਰ ਮਰਵਾ ਦਿੰਦੇ। ਜਦ ਆਪਣੇ ਵਿੱਕਣ ਲੱਗ ਜਾਣ ਫੇਰ ਹਥਿਆਰ ਖਰੀਦ ਲੈਣਾ ਚਾਹੀਦਾ। ਖਾਮਨੇਈ ਵਾਂਗ ਹੀ ਭੁਗਤੂ ਭਜਦਾ ਨਹੀਂ , ਸਜਾ ਦਾ ਤਾਂ ਪਤਾ ਨਹੀਂ ਕਿਸਮਤ ਵਾਲੇ ਹੁੰਦੇ ਜਿਨਾ ਨੂੰ ਪ੍ਰਮਾਤਮਾਂ ਆਪਣੀ ਯਾਦ ਬਖਸ਼ ਦਿੰਦਾ। ਵੈਸੇ ਵੀ ਤਾਜੇ ਫੁੱਲਾਂ ਦੇ ਗੁੱਲਦਸਤੇ ਵਾਂਗ ਕਿਸੇ ਅੱਗੇ ਜਵਾਨੀ ਵਿੱਚ ਸਮਰਪਣ ਕਰੋ।

ਇਹ ਵੀ ਕੋਈ ਕਲਾ ਵਾਪਰਦੀ ਕੋਈ ਵੀ ਇਨਸਾਨ ਜ਼ਿੰਦਗੀ ' ਚ ਆਇਆ ਨਹੀਂ ਹੁੰਦਾ ਪ੍ਰਮਾਤਮਾਂ ਵੱਲੋਂ ਭੇਜਿਆ ਗਿਆ ਹੁੰਦੈ। ਉਸੇ ਤਰ੍ਹਾਂ ਗਾਇਕ ਨੂੰ ਬੁੱਢਾ ਹਜਰਤ ਉਮਰ ਰੋਟੀ ਖ਼ਵਾ ਦਿੰਦਾ। ਗਾਇਕ ਸੋਚਦਾ ਪ੍ਰਮਾਤਮਾਂ ਮੈਂ ਸਾਰੀ ਉਮਰ ਤੇਰੀ ਨਾ ਫੁਰਮਾਨੀ ਕੀਤੀ ਤੈਨੂੰ ਯਾਦ ਵੀ ਕਰਿਆ ਤਾਂ ਢਿੱਡ ਦੀ ਖਾਤਿਰ। ਮੈਨੂੰ ਮੁਆਫ਼ ਕਰ ਦੇ ਉਸ ਮਸ਼ਹੂਰ ਇਨਸਾਨ ਦੀ ਚੀਖ ਨਿਕਲੀ ਅਤੇ ਜਾਨ ਨਿੱਕਲ ਗਈ। ਮੇਰਾ ਮੰਨਣਾ ਹੈ ਮਨਪਸੰਦ ਸਥਾਨ ਉੱਤੇ ਜਾਂ ਮਨਪਸੰਦ ਸ਼ਖਸ਼ ਸਾਹਮਣੇ ਸਵਾਸ ਪੂਰੇ ਹੋਣ ਤਾਂ ਪ੍ਰਮਾਤਮਾਂ ਵੀ ਕਰਮਾਂ ਦਾ ਹਿਸਾਬ ਜਾਂ ਗੁਨਾਹਾਂ ਦੀ ਸਜਾ ਨਹੀਂ ਦਿੰਦਾ।

ਮੈਂ ਕਦੇ ਆਪਣੇ ਮੁਹੱਬਤ ਕਰਨ ਵਾਲੇ ਵੱਲ ਪੈਰ ਕਰਕੇ ਨਹੀਂ ਬੈਠਾ ਅਤੇ ਪ੍ਰਮਾਤਮਾਂ ਕੋਲੋਂ ਕੋਈ ਮੰਗ ਨਾ ਰੱਖ ਕੇ ਮੁੱਖ ਉਸੇ ਵੱਲ ਰੱਖਿਆ। ਕਦੇ ਵੀ ਕੋਈ ਮੰਗ ਨੂੰ ਨਾਲ ਲੈਕੇ ਨਹੀਂ ਆਇਆ ਕਿਉਕਿ ਮੁਹੱਬਤ ਕਰਨ ਵਾਲੇ ਤਾਂ ਆਰਿਆਂ ਉੱਤੇ ਵੀ ਆਪਣੇ ਗੁਰੂ ਦੇ ਮੁੱਖ ਵੱਲ ਮੁੱਖ ਕਰਨ ਦੀ ਮੰਗ ਕਰ ਗਏ। ਜਿਵੇਂ ਭਾਈ ਮਤੀ ਦਾਸ ਜੀ ਨੇ ਗੁਰੂ ਤੇਗ ਬਹਾਦਰ ਵੱਲ ਮੁੱਖ ਕਰਨ ਦੀ ਮੰਗ ਕੀਤੀ।

ਲਿਖਤ : ਦਰਬਾਰ ਸਾਹਿਬ ਪ੍ਰਕਰਮਾਂ ਵਿੱਚੋਂ

ਜਗਤਾਰ ਸਿੰਘ ਧਾਲੀਵਾਲ

ਭਗਵਾਨ ਗੜ੍ਹ ਭੁੱਖਿਆਂ ਵਾਲੀ (ਬਠਿੰਡਾ)

# ਔਰਤਾਂ ਚ ਪੇਡੂ ਦੇ ਦਰਦ ਦਾ ਹੱਲ ਹੈ ਕੋਈ? ( ਡਾ ਅਜੀਤਪਾਲ ਸਿੰਘ ਐਮ ਡੀ )



[4:19 PM, 3/10/2026] Dr. Ajitpal Singh Bathinda Writer: ਕੇਂਦਰ ਸਰਕਾਰ ਨੇ ਅੱਜ ਲੋਕ ਸਭਾ ਚ ਵਕਫ ਬੋਰਡ ਸੋਧ ਬਿੱਲ ਪੇਸ਼ ਕੀਤਾ। ਕਾਂਗਰਸ ਤੇ ਸਪਾ ਸਮੇਤ ਕਈ ਪਾਰਟੀਆਂ ਨੇ ਇਸ ਦਾ ਵਿਰੋਧ ਕੀਤਾ। ਸਰਕਾਰ ਦਾ ਕਹਿਣਾ ਕਿ ਇਸ ਬਿੱਲ ਦੇ ਜ਼ਰੀਏ ਸਰਕਾਰ ਦੇਸ਼ ਦੇ ਵਕਫ ਬੋਰਡਾਂ ਦੀ ਪੂਰੀ ਪ੍ਰਕਿਰਿਆ ਜੁਆਬਦੇਹ ਤੇ ਪਾਰਦਰਸ਼ੀ ਬਣਾਉਣਾ ਚਾਹੁੰਦੀ ਹੈ। ਵਕਫ (ਸੋਧ) ਬਿਲ 2024, ਵਕਫ ਐਕਟ 1995 ਚ ਸੋਧ ਕਰਨ ਲਈ ਹੈ,ਜੋ ਸੂਬਾ ਸਰਕਾਰਾਂ ਵੱਲੋਂ ਸੂਬਾ ਪੱਧਰ ਤੇ ਵਕਫ ਬੋਰਡਾਂ ਚ ਇੱਕ ਗੈਰ ਮੁਸਲਮਾਨ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਘੱਟੋ ਘੱਟ ਦੋ ਗੈਰ ਮੁਸਲਮਾਨ ਮੈਂਬਰਾਂ ਨੂੰ ਨਿਯੁਕਤ ਕਰਨ ਦੀ ਆਗਿਆ ਦੇਣ ਦਾ ਪ੍ਰਸਤਾਵ ਰੱਖਦਾ ਹੈ। ਇਸ ਤੋਂ ਇਲਾਵਾ ਪ੍ਰਸਤਾਵਿਤ ਪ੍ਰਮੁੱਖ ਬਦਲਾਅ ਚ ਜਿਲ੍ਹਾ ਕਰੈਕਟਰ/ਡੀਐਮ ਨੂੰ ਇਹ ਜਾਂਚ ਕਰਨ ਦੀ ਸ਼ਕਤੀ ਦੇਣਾ ਹੈ ਕਿ ਕੋਈ ਜਾਇਦਾਦ ਵਕਫ ਬੋਰਡ ਦੀ ਹੈ ਜਾਂ ਕਿ ਸਰਕਾਰੀ ਜਮੀਨ। ਪ੍ਰਸਤਾਵਿਤ ਬਿੱਲ ਚ ਇਹ ਕਿਹਾ ਗਿਆ ਹੈ ਕਿ ਜੇ ਡੀਐਮ ਇਹ ਨਿਰਧਾਰਿਤ ਕਰਦੇ ਹਨ ਕਿ ਜਾਇਦਾਦ ਸਰਕਾਰੀ ਜਾਇਦਾਦ ਹੈ ਤਾਂ ਉਹ ਰੈਵਨਿਊ ਰਿਕਾਰਡ ਚ ਜਰੂਰੀ ਸ...

[4:20 PM, 3/10/2026] Dr. Ajitpal Singh Bathinda Writer: ਔਰਤਾਂ ਚ ਪੇਡੂ ਦੇ ਦਰਦ ਦਾ ਹੱਲ ਹੈ ਕੋਈ?

ਡਾ ਅਜੀਤਪਾਲ ਸਿੰਘ ਐਮ ਡੀ

ਲਗਭਗ ਇੱਕ ਤਿਹਾਈ ਔਰਤਾਂ ਆਪਣੇ ਜੀਵਨ ਅਰਸੇ ਦੌਰਾਨ ਕਦੀ ਨਾ ਕਦੀ ਪੇਡੂ ਦੇ ਦਰਦ ਤੋਂ ਪੀੜਤ ਮਹਿਸੂਸ ਕਰਦੀਆਂ ਹਨ। ਪਹਿਲਾਂ ਜਦ ਵੀ ਉਹ ਇਹ ਗੱਲ ਦੀ ਸ਼ਿਕਾਇਤ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਕਰਦਿਆਂ ਹਨ ਤਾਂ ਅਕਸਰ ਉਹਨਾਂ ਨੂੰ ਇਹ ਕਹਿ ਕੇ ਟਾਲ ਦਿੱਤਾ ਜਾਂਦਾ ਹੈ ਕਿ ਦਰਦ ਉਹਨਾਂ ਦੇ ਦਿਮਾਗ ਵਿੱਚ ਹੈ,ਪਰ ਹੁਣ ਅਧੁਨਿਕ ਮਸ਼ੀਨਾਂ ਤੇ ਜਾਂਚ ਰਾਹੀਂ ਖਤਰਨਾਕ ਦਰਦ ਤੇ ਇਸ ਦੇ ਕਾਰਨ ਨੂੰ ਭਾਂਪ ਲਿਆ ਜਾਂਦਾ ਹੈ,ਜਿਸ ਦਾ ਨਾਂ ਹੈ ਪੈਲਵਿਕ ਇਨਫਲੇਮੇਟਰੀ ਡਸੀਜ਼ (PID) ਜਾਂ ਪੈਲਵਿਕ ਇੰਨਜੈਕਸ਼ਨ ਸਿੰਡਰੋਮ। ਦਰਅਸਲ ਇਸ ਪੀਆਈਡੀ ਦਾ ਸਬੰਧ ਪੇਲਵਿਕ (ਯਾਨੀ ਧੁੰਨੀ ਤੋਂ ਹੇਠਲੇ ਹਿੱਸੇ-ਪੇਡੂ) ਨਾਲ ਹੈ ਜਿਸ ਦੀ ਜਾਂਚ ਤੇ ਪਹਿਲਾਂ ਏਨਾ ਧਿਆਨ ਨਹੀਂ ਦਿੱਤਾ ਜਾਂਦਾ ਸੀ ਅਤੇ ਔਰਤਾਂ ਇਸ ਦਰਦ ਨਾਲ ਲਾਚਾਰ ਹੋ ਕੇ ਰਹਿ ਜਾਂਦੀਆਂ ਸਨ।

ਜੇ ਇਸ ਦੇ ਕਾਰਨਾਂ ਦੀ ਗੱਲ ਕੀਤੀ ਜਾਵੇ ਤਾਂ ਅਨੇਕਾਂ ਕਾਰਨ ਹੋ ਸਕਦੇ ਹਨ, ਪਰ ਇੱਕ ਵੱਡਾ ਕਾਰਨ ਹੁੰਦਾ ਹੈ ਅੰਡੇਦਾਨੀ ਚ ਕੁਝ ਰਕਤ ਵਹਿਣੀਆਂ ਅਜਿਹੀਆਂ ਹੁੰਦੀਆਂ ਹਨ ਜੋ ਕਿ ਕਿ ਸਹੀ ਢੰਗ ਨਾਲ ਕੰਮ ਨਹੀਂ ਕਰਦੀਆਂ ਤੇ ਖ਼ੂਨ ਨੂੰ ਜਮਾ ਦਿੰਦੀਆਂ ਹਨ। ਇਹ ਹਾਲਤ ਅਜਿਹੀ ਹੁੰਦੀ ਹੈ ਜਿਵੇਂ ਕਿ ਲੱਤਾਂ-ਪੈਰਾਂ ਚ ਨਾੜਾਂ ਦਾ ਫੁੱਲਣਾ (ਵੈਰੀਕੋਜ਼ ਵੈਨਜ਼ ਹੋਣਾ), ਅਸਲ ਵਿੱਚ ਸਰੀਰ ਚ ਕਈ ਰਕਤ ਵਹਿਣੀਆਂ ਅਜਿਹੀਆਂ ਹੁੰਦੀਆਂ ਹਨ ਜਿੰਨਾ ਚ ਛੋਟੇ ਛੋਟੇ ਵਾਲਵ ਹੁੰਦੇ ਹਨ,ਜੋ ਕੇ ਬਲੱਡ ਸਪਲਾਈ ਸਹੀ ਦਿਸ਼ਾ ਚ ਪਹੁੰਚਾਉਂਦੇ ਹਨ ਤਾਂ ਕਿ ਖ਼ੂਨ ਦਿਲ ਤੱਕ ਪਹੁੰਚਦਾ ਰਹੇ। ਇਹ ਬਲਵ ਉਸ ਛੋਟੇ ਦਰਵਾਜੇ ਵਾਂਗੂ ਹੁੰਦੇ ਹਨ,ਜੋ ਖ਼ੂਨ ਦੀ ਸਪਲਾਈ ਅੱਗੇ ਜਾਂਦਿਆਂ ਹੀ ਬੰਦ ਹੋ ਜਾਂਦੇ ਹਨ ਤਾਂ ਕਿ ਖ਼ੂਨ ਉਲਟ ਦਿਸ਼ਾ ਚ ਨਾ ਵਹਿ ਸਕੇ ਪਰ ਜਦ ਖ਼ੂਨ ਵਾਲਵ ਦੇ ਅੰਦਰ ਹੀ ਜਮਾ ਹੋ ਜਾਂਦਾ ਹੈ ਤੇ ਇੱਕ ਆਮ ਪ੍ਰਕਿਰਿਆ ਵਾਂਗੂੰ ਵਹਿ ਨਹੀਂ ਸਕਦਾ ਤਾਂ ਅਜਿਹੀ ਹਾਲਤ ਵਿੱਚ ਪੈਲਵਕ (ਪੇਡੂ) ਭਾਗ ਵਿੱਚ ਵੀ ਜਦ ਅਜਿਹੀਆਂ ਰਕਤ ਵਹਿਣੀਆਂ ਦਾ ਝੁਰਮਟ ਹੋ ਜਾਂਦਾ ਹੈ ਤਾਂ ਉਸਨੂੰ ਪੈਲਵਿਕ ਕੰਜੈਕਸ਼ਨ ਸਿੰਡਰੋਮ ਕਿਹਾ ਜਾਂਦਾ ਹੈ ਅਤੇ ਇਸ ਸਮੱਸਿਆ ਨਾਲ ਬੱਚੇਦਾਨੀ ਦਾ ਨੁਕਸਾਨ ਹੋ ਸਕਦਾ ਹੈ।

ਕੀ ਇਸ ਦਾ ਕੋਈ ਖਤਰਾ ਵੀ ਹੁੰਦਾ ਹੈ ?

ਲਗਭਗ 20 ਤੋਂ 50 ਸਾਲਾਂ ਦੀਆਂ ਸਾਰੀਆਂ ਔਰਤਾਂ ਚ ਪੈਲਵਿਕ ਕੰਜੈਕਸ਼ਨ ਸਿੰਡਰੋਮ ਤਾਂ ਹੁੰਦਾ ਹੀ ਹੈ ਪਰ ਇਹ ਜਰੂਰੀ ਨਹੀਂ ਕਿ ਸਾਰਿਆਂ ਚ ਇਹ ਲੱਛਣ ਉਭਰਨ। ਵੈਸੇ ਇਸ ਦੀ ਸ਼ਨਾਖਤ ਜਾਂ ਪਹਿਚਾਣ ਇਸ ਲਈ ਮੁਸ਼ਕਿਲ ਹੁੰਦੀ ਹੈ ਕਿਉਂਕਿ ਪੈਲਵਿਕ ਅਲਟਰਾਸਾਉਂਡ ਦੌਰਾਨ ਜਦ ਔਰਤਾਂ ਲੇਟ ਜਾਂਦੀਆਂ ਹਨ ਤਾਂ ਵੈਰੀਕੋਜ਼ (ਫੁੱਲੀਆਂ ਹੋਈਆਂ ਨਸਾਂ) ਦਿਸਦੀਆਂ ਨਹੀਂ ਤੇ ਜਾਂਚ ਬੇਕਾਰ ਹੋ ਜਾਂਦੀ ਹੈ ਤੇ ਪਤਾ ਨਹੀਂ ਲਗਦਾ ਕਿ ਉਹਨਾਂ ਨੂੰ ਇਹ ਭਿਆਨਕ ਦਰਦ ਕਿਉਂ ਹੋ ਰਿਹਾ ਹੈ। ਇਸ ਨਾਲ ਉਹਨਾਂ ਨੂੰ ਤਕਲੀਫ ਹੁੰਦੀ ਹੈ। ਨਾਲ ਹੀ ਉਹਨਾਂ ਦੇ ਸ਼ੁਭਚਿੰਤਕਾਂ ਤੇ ਪ੍ਰੀਵਾਰਕ ਮੈਂਬਰਾਂ ਨੂੰ ਵੀ ਮਾਨਸਿਕ ਦੁੱਖ ਹੁੰਦਾ ਹੈ। ਕਾਰਨ ਪਤਾ ਨਾ ਹੋਣ ਕਰਕੇ ਇਲਾਜ ਮੁਹਈਆ ਹੋਣ ਦੇ ਬਾਵਜੂਦ ਵੀ ਔਰਤਾਂ ਨੂੰ ਸਹੀ ਇਲਾਜ ਨਹੀਂ ਮਿਲਦਾ।

ਲੱਛਣ ਕੀ ਹੁੰਦੇ ਹਨ ?

ਵੈਸੇ ਤਾਂ ਰੋਗੀ ਇਹ ਦਰਦ ਅਕਸਰ ਮਹਿਸੂਸ ਕਰਦੀ ਹੀ ਰਹਿੰਦੀ ਹੈ ਪਰ ਹੇਠ ਲਿਖੇ ਕਾਰਨਾਂ ਕਰਕੇ ਕਮਰ ਦੇ ਹੇਠਾਂ ਤੇ ਪੇਡੂ ਵਾਲੇ ਹਿੱਸੇ ਵਿੱਚ ਦਰਦ ਬੇਹਦ ਵੱਧ ਤੋਂ ਵੱਧ ਹੋ ਜਾਂਦਾ ਹੈ। ਸੰਭੋਗ ਸਮੇਂ,ਮਹਾਂਵਾਰੀ ਦੌਰਾਨ,ਯੋਨੀ ਦੇ ਦਰਦ, (ਲਕੋਰੀਆ ਆਦਿ),ਸਮੇਂ ਖੜੇ ਹੋਣ ਵਾਲੀ ਥਕਾਵਟ ਦੌਰਾਨ,ਗਰਭ ਅਵਸਥਾ, ਕੁੱਲਿਆਂ ਜਾਂ ਪਿੰਜਣੀਆਂ ਚ ਵੇਰਿਕੋਜ਼ (ਨਸਾਂ ਦੇ ਗੁੱਛੇ),ਬਲੈਂਡਰ ਚ ਅਸਹਿਜਤਾ ਆਦਿ।

ਇਸ ਰੋਗ ਦਾ ਖਤਰਾ :

ਉਹ ਔਰਤਾਂ ਜੋ ਦੋ ਵਾਰੀ ਗਰਭਵਤੀ ਹੋ ਚੁੱਕੀਆਂ ਹੁੰਦੀਆਂ ਹਨ ਤੇ ਜਿਨਾਂ ਨੂੰ ਪਹਿਲਾ ਤੋਂ ਹੀ ਵੇਰੀਕੋਜ਼ ਵੇਨਜ਼ ਦੀ ਸਮੱਸਿਆ ਹੈ। ਹਾਰਮੋਨਲ ਅਸੰਤੁਲਿਨ,ਪੋਲੀਸਿਸਟਿਕ ਅੰਡੇਦਾਨੀ (polycystic ovary) ਆਦਿ।

ਇਸ ਮਰਜ ਦੀ ਪਹਿਚਾਣ ਹੋਣ ਪਿੱਛੋਂ ਇੰਟਰਵੈਂਸ਼ਨਲ ਰੇਡੀਓਲੋਜੀ ਦੀ ਮਦਦ ਨਾਲ ਇਸ ਦਾ ਇਲਾਜ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਇਸ ਅਮਲ ਚ ਮਰੀਜ਼ ਨੂੰ ਬੇਹੋਸ਼ ਨਹੀਂ ਕੀਤਾ ਜਾਂਦਾ ਹੈ ਤੇ ਔਰਤ ਨੂੰ ਹਸਪਤਾਲ ਚ ਸਿਰਫ ਇੱਕ ਦਿਨ ਹੀ ਰੁਕਣਾ ਪੈਂਦਾ ਹੈ। ਇਸ ਪ੍ਰਕਿਰਿਆ ਪਿੱਛੋਂ ਜਿਆਦਾਤਰ ਔਰਤਾਂ ਇੱਕ ਤੋਂ ਤਿੰਨ ਦਿਨਾਂ ਵਿੱਚ ਆਮ ਰੂਪ ਚ ਕੰਮਕਾਰ ਕਰਨ ਲਗਦੀਆਂ ਹਨ। ਦਰਅਸਲ ਇਸ ਅਮਲ ਦੌਰਾਨ ਇੱਕ ਇੰਟਰਵੈਨਸ਼ਨਲ ਰੇਡੀਓਲੋਜਿਸਟ ਚਮੜੀ ਤੇ ਇੱਕ ਅਤੀ ਸੂਖਮ ਸੁਰਾਖ ਕਰਕੇ ਪੇਟ ਦੇ ਹੇਠਲੇ ਹਿੱਸੇ ਤੋਂ ਨਾਲ ਹੀ ਇੱਕ ਨਾਲੀ (ਕਥੀਟਰ) ਪਾ ਕੇ ਇੰਜੀਓਗਰਾਫੀ ਕਰਦਾ ਹੈ ਫਿਰ ਪ੍ਰਭਾਵਿਤ ਵੇਨ ਤੱਕ ਛੋਟਾ ਜਿਹਾ ਛੱਲਾ (ਕੋਆਇਲ ਜਾਂ ਸਟੰਟ) ਪਾਇਆ ਜਾਂਦਾ ਹੈ,ਜੋ ਕਿ ਅਕਸਰ ਪੈਰਾਂ ਚ ਵੀ ਵੈਰੀਕੋਜ਼ ਵੇਨਜ਼ ਨੂੰ ਠੀਕ ਕਰਨ ਲਈ ਵਰਤੇ ਜਾਂਦੇ ਹਨ। ਇਸ ਛੱਲੇ ਜਾਂ ਕੋਆਇਲ ਨਾਲ ਵੈਰੀਕੋਜ਼ ਵੇਨਜ਼ ਨੂੰ ਠੀਕ ਕਰ ਦਿੱਤਾ ਜਾਂਦਾ ਹੈ। ਲਾਭ : ਇਹ ਖਾਤਰ ਮਰੀਜ਼ ਨੂੰ ਬੇਹੋਸ਼ ਕਰਨ ਦੀ ਲੋੜ ਨਹੀਂ ਪੈਂਦੀ। ਚਮੜੀ ਤੇ ਇੱਕ ਬਰੀਕ ਸੁਰਾਖ ਕਰਕੇ ਇਹ ਅਮਲ ਕੀਤਾ ਜਾਂਦਾ ਹੈ। ਰੋਗੀ ਦੂਜੀਆਂ ਤਕਨੀਕਾਂ ਦੇ ਮੁਕਬਲਤਨ ਛੇਤੀ ਠੀਕ ਹੁੰਦੇ ਹਨ। ਪੇਟ ਤੇ ਓਪਰੇਸ਼ਨ ਦਾ ਕੋਈ ਦਾਗ ਨਹੀਂ ਰਹਿੰਦਾ। ਇਸ ਤਕਨੀਕ ਨੂੰ ਵਾਰ ਵਾਰ ਕਰਨ ਦੀ ਲੋੜ ਨਹੀਂ ਰਹਿੰਦੀ। ਖ਼ੂਨ ਦਾ ਕੋਈ ਨੁਕਸਾਨ ਨਹੀਂ ਹੁੰਦਾ ਜਾਂ ਫਿਰ ਖ਼ੂਨ ਚੜ੍ਹਾਉਣ ਦਾ ਕੋਈ ਲੋੜ ਨਹੀਂ ਪੈਂਦੀ। ਇਹ ਪ੍ਰਕਿਰਿਆ ਰੋਗੀਆਂ ਲਈ ਭਾਵੁਕ,ਆਰਥਕ ਤੇ ਸ਼ਰੀਰਕ ਤੌਰ ਤੇ ਪੂਰੀ ਤਰ੍ਹਾਂ ਫਾਇਦੇਮੰਦ ਸਾਬਤ ਹੁੰਦੀ ਹੈ।

ਕੁੱਝ ਹੋਰ ਜਰੂਰੀ ਗੱਲਾਂ :

ਪੈਲਵਿਕ ਇੰਜੈਕਸ਼ਨ ਸਿੰਡਰੋਮ ਤੋਂ ਪੀੜਤ ਔਰਤਾਂ ਲਗਭਗ 45 ਸਾਲ ਤੋਂ ਘੱਟ ਉਮਰ ਦੀਆਂ ਹਨ ਅਤੇ ਉਹਨਾਂ ਚ ਪ੍ਰਜਣ ਸਮਰਥਾ ਵੀ ਬਰਕਰਾਰ ਰਹਿੰਦੀ ਹੈ। ਬੱਚੇਦਾਨੀ ਚ ਨੀਚੇ ਮੌਜੂਦ ਵੈਰੀਕੋਜ਼ ਗਰਭ ਧਾਰਨ ਦੇ ਕਾਰਨ ਵਧ ਜਾਂਦੀਆਂ ਹਨ। ਪਰ ਉਹਨਾਂ ਕੇਸਾਂ ਚ ਪੈਲਵਿਕ ਕੰਜੈਕਸ਼ਨ ਸਿੰਡਰੋਮ ਨੂੰ ਘੱਟ ਪਾਇਆ ਜਾਂਦਾ ਹੈ ਜਿੱਥੇ ਗਰਭ ਧਾਰਨ ਨਾ ਕੀਤਾ ਗਿਆ ਹੋਵੇ। ਔਰਤ ਰੋਗਾਂ ਦੇ ਮਾਹਰ ਡਾਕਟਰਾਂ ਪਾਸ ਆਉਣ ਵਾਲੀਆਂ ਔਰਤਾਂ ਤੋਂ 15 ਫੀਸਦੀ ਔਰਤਾਂ ਪੈਲਵਿਕ ਕੰਜੈਕਸ਼ਨ ਸਿੰਡਰੋਮ ਦਾ ਸ਼ਿਕਾਰ ਹੁੰਦੀਆਂ ਹਨ। ਅਧਿਆਇਨਾ ਤੋਂ ਪਤਾ ਲੱਗਦਾ ਹੈ ਕਿ ਕਰੋਨਿਕ ਪਿਲਵਿਕ ਪੇਨ /ਦਰਦ ਤੇ 30 ਫੀਸਦੀ ਕੇਸਾਂ ਚ ਦਰਦ ਦਾ ਕਾਰਨ ਪੈਲਵਿਕ ਕੰਜੇਕਸ਼ਨ ਕੰਡੀਸ਼ਨ ਸਿੰਡਰੋਮ ਹੀ ਹੁੰਦਾ ਹੈ ਬਾਕੀ ਦੇ ਹੋਰ 15 ਫੀਸਦੀ ਕੇਸਾਂ ਚ ਹੋਰ ਕਾਰਨ ਵੀ ਹੋ ਸਕਦੇ ਹਨ

-ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ

98156 29301

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**

**9463661542, cee7news@gmail.com**

## ਬਾਬਾ ਬਿਧੀ ਚੰਦ ਜੀ ਸੰਪਰਦਾ ਦੇ ਦਸਵੇਂ ਮੁਖੀ ਬਾਬਾ ਸੋਹਣ ਸਿੰਘ ਦੇ ਸਾਲਾਨਾ ਬਰਸੀ ਸਮਾਗਮਾਂ 'ਚ ਐਡਵੋਕੇਟ ਧਾਮੀ ਨੇ ਕੀਤੀ ਸ਼ਮੂਲੀਅਤ



**ਚੋਹਲਾ ਸਾਹਿਬ 22 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਲ ਪੰਥ ਬਾਬਾ ਬਿਧੀ ਚੰਦ ਜੀ ਸੰਪਰਦਾ ਦੇ ਦਸਵੇਂ ਮੁਖੀ ਬਾਬਾ ਸੋਹਣ ਸਿੰਘ ਜੀ ਦੀ ਸਾਲਾਨਾ ਬਰਸੀ ਦੇ ਸਮਾਗਮਾਂ ਦੌਰਾਨ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਅਤੇ ਬਾਬਾ ਜੀ ਦੇ ਗੁਰਮਤਿ ਨੂੰ ਸਮਰਪਿਤ ਜੀਵਨ ਤੋਂ ਸੰਗਤ ਨੂੰ ਪ੍ਰੇਰਨਾ ਲੈਣ ਲਈ ਕਿਹਾ। ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬਾਬਾ ਸੋਹਣ ਸਿੰਘ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸੰਪਰਦਾ ਲਈ ਕੀਤੀਆਂ ਸੇਵਾਵਾਂ ਨੂੰ ਯਾਦ ਕਰਦਿਆਂ ਕਿਹਾ ਕਿ ਅਜਿਹੀਆਂ ਮਹਾਨ ਸ਼ਖਸੀਅਤਾਂ ਸਿੱਖ ਕੌਮ ਦਾ ਮਾਣ ਹਨ। ਉਨ੍ਹਾਂ ਕਿਹਾ ਕਿ ਬਾਬਾ ਜੀ ਨੇ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਚੜ੍ਹਦੀ ਕਲਾ ਲਈ ਆਪਣਾ ਜੀਵਨ ਸਮਰਪਿਤ ਕੀਤਾ ਅਤੇ ਸਿੱਖੀ ਪ੍ਰਚਾਰ ਲਈ ਵੱਡੀਆਂ ਸੇਵਾਵਾਂ ਦਿੱਤੀਆਂ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਦਲ ਪੰਥ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੌਜੂਦਾ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਵੱਲੋਂ ਨਿਭਾਈਆਂ ਜਾ ਰਹੀਆਂ ਪੰਥਕ ਸੇਵਾਵਾਂ ਦੀ ਵੀ ਪ੍ਰਸ਼ੰਸਾ ਕੀਤੀ।

ਇਸ ਮੌਕੇ ਬਾਬਾ ਅਵਤਾਰ ਸਿੰਘ ਸੁਰਸਿੰਘ ਵੱਲੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸਿਰੋਪਾਓ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਜੋਗਾ ਸਿੰਘ ਮੁਖੀ ਤਰਨਾ ਦਲ ਬਾਬਾ ਬਕਾਲਾ ਸਾਹਿਬ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਆਦਿ ਮੌਜੂਦ ਸਨ।

ਫੋਟੋ ਕੈਪਸ਼ਨ: ਬਾਬਾ ਸੋਹਣ ਸਿੰਘ ਜੀ ਦੀ ਸਾਲਾਨਾ ਬਰਸੀ ਮੌਕੇ ਪੁੱਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸਿਰੋਪਾਓ ਦਿੰਦੇ ਹੋਏ ਬਾਬਾ ਅਵਤਾਰ ਸਿੰਘ ਸੁਰਸਿੰਘ। ਨਾਲ ਹਨ ਬਾਬਾ ਜੋਗਾ ਸਿੰਘ, ਬਾਬਾ ਗੁਰਦੇਵ ਸਿੰਘ, ਭਾਈ ਰਜਿੰਦਰ ਸਿੰਘ ਮਹਿਤਾ ਤੇ ਹੋਰ।

## ਨੌਜਵਾਨ ਸਭਾ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਸਨਮਾਨ



**ਚੋਹਲਾ ਸਾਹਿਬ 22 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਇਹਨੀਂ ਦਿਨੀ ਛੱਤੀਸਗੜ੍ਹ ਵਿੱਚ ਗੁਰਮਤਿ ਪ੍ਰਚਾਰ ਫੇਰੀ 'ਤੇ ਹਨ। ਬਾਬਾ ਜੀ ਦੇ ਰਾਏਪੁਰ ਪਹੁੰਚਣ ਤੇ ਸਿੱਖ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ਵਿੱਚ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ। ਅੱਜ ਗੁਰਦੁਆਰਾ ਗੁਰਸਾਗਰ ਸਾਹਿਬ ਹੀਰਾਪੁਰ ਵਿਖੇ ਨੌਜਵਾਨ ਸਭਾ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸੈਕਟਰੀ ਸ. ਬਲਕਾਰ ਸਿੰਘ ਜੀ ਨੇ ਆਖਿਆ, " ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ, ਜੋ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਤਾਰਾ ਸਿੰਘ ਜੀ ਦੀ ਚਲਾਈ ਹੋਈ ਹੈ, ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਚਰਨ ਸਿੰਘ ਜੀ ਇਸ ਸੰਪਰਦਾਇ ਦੇ ਦੂਸਰੇ ਮੁਖੀ ਹੋਏ ਹਨ। ਅੱਜ ਵੱਡੇ ਭਾਗਾਂ ਨਾਲ ਸਾਡੇ ਵਿਚ ਸੰਪਰਦਾਇ ਕਾਰ ਸੇਵਾ ਦੇ ਤੀਸਰੇ ਮੌਜੂਦਾ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਮੌਜੂਦ ਹਨ, ਅਸੀਂ ਉਹਨਾਂ ਨੂੰ 'ਜੀ ਆਇਆਂ' ਆਖਦੇ ਹਾਂ। ਬਾਬਾ ਜੀ ਨੇ ਹੜਾਂ ਵਿੱਚ ਕਿਵੇਂ ਸੇਵਾਵਾਂ ਨਿਭਾਈਆਂ ਇਹ ਸਾਰੇ ਆਪਾਂ ਭਲੀ ਭਾਂਤ ਜਾਣਦੇ ਹਾਂ। ਆਪਾਂ ਸੋਸ਼ਲ ਮੀਡੀਆ ਰਾਹੀਂ ਉਨਾਂ ਨੂੰ ਸੇਵਾ ਕਰਦਿਆਂ ਵੇਖਿਆ ਹੈ ਜਾਂ ਜਿਨਾਂ ਗੁਰਮੁਖ ਪਿਆਰਿਆਂ ਨੇ ਪੁਸਤਕ 'ਬੰਨਾਂ ਦੇ ਰਖਵਾਲੇ' ਪੜੀ ਹੈ, ਉਨਾਂ ਨੇ ਪੰਜਾਬ ਵਿੱਚ ਆਏ ਹੜਾਂ ਵੇਲੇ ਟੁੱਟੇ ਦਰਿਆਵਾਂ ਦੇ ਬੰਨ੍ਹ ਬੰਨ੍ਹਣ ਦੀਆਂ ਸੇਵਾਵਾਂ ਬਾਰੇ ਜਾਣਿਆ ਹੈ। ਇੱਕ ਸੇਵਾ ਉਹ ਹੁੰਦੀ ਹੈ ਜੋ ਕੇਵਲ ਸੰਗਤ ਪਾਸੋਂ ਕਰਵਾਈ ਜਾਂਦੀ ਹੈ ਪਰ ਮਹਾਂਪੁਰਖ ਸੰਤ ਬਾਬਾ ਸੁੱਖਾ ਸਿੰਘ ਜੀ ਦੇ ਵਿੱਚ ਇਹ ਰੱਬੀ ਗੁਣ ਹੈ ਅਤੇ ਵਾਹਿਗੁਰੂ ਅਕਾਲ ਪੁਰਖ ਦੀ ਬਖਸ਼ਿਸ਼ ਹੈ ਕਿ ਉਹ ਸੰਗਤਾਂ ਨਾਲ ਆਪ ਹੱਥੀਂ ਸੇਵਾ ਕਰਦੇ ਹਨ। ਆਪਾਂ ਵੇਖਿਆ ਬਾਬਾ ਜੀ ਖੁਦ ਆਪ ਦਰਿਆਵਾਂ ਵਿੱਚ ਵੜ ਜਾਂਦੇ, ਆਪ ਬੋਰੀਆਂ ਚੁੱਕ ਚੁੱਕ ਕੇ ਮਿੱਟੀ ਢੋਂਦੇ ਅਤੇ ਕਈ ਕਈ ਘੰਟੇ ਕਹੀ ਚਲਾਉਂਦੇ ਰਹੇ। ਉਨਾਂ ਦੀ ਮਹਾਨ ਪਰਉਪਕਾਰੀ ਸ਼ਖਸੀਅਤ ਨੂੰ ਸਾਡਾ ਸਿਰ ਝੁਕਦਾ ਹੈ। ਅੱਜ ਅਸੀਂ ਗੁਰਦੁਆਰਾ ਸਾਹਿਬ ਦੀ ਨੌਜਵਾਨ ਸਭਾ ਵੱਲੋਂ ਬਾਬਾ ਜੀ ਨੂੰ ਸਨਮਾਨਤ ਕਰ ਰਹੇ ਹਾਂ। ਬਾਬਾ ਜੀ ਵੱਲੋਂ ਰਾਏਪੁਰ ਵਿੱਚ ਵੀ ਕਈ ਵੱਡੀਆਂ ਸੇਵਾਵਾਂ ਲਗਾਤਾਰ ਜਾਰੀ ਹਨ। ਗੁਰੂ ਗੋਬਿੰਦ ਸਿੰਘ ਖਾਲਸਾ ਪਬਲਿਕ ਸਕੂਲ ਹੀਰਾਪੁਰ (ਰਾਏਪੁਰ )ਵਿੱਚ ਲੰਮੇ ਸਮੇਂ ਤੋਂ ਚੱਲ ਰਿਹਾ ਹੈ, ਜੋ ਬਾਬਾ ਜੀ ਵਲੋਂ ਇਸ ਇਲਾਕੇ ਨੂੰ ਵੱਡੀ ਦੇਣ ਹੈ। ਇਹ ਸਕੂਲ ਪੰਜਾਬ ਤੋਂ ਦੂਰ ਵੱਸਦੇ ਸਮੂਹ ਪੰਜਾਬੀ ਪਰਿਵਾਰਾਂ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਅਤੇ ਗੁਰਮਤਿ ਨਾਲ ਜੋੜਨ ਦਾ ਇੱਕ ਵੱਡਾ ਵਸੀਲਾ ਬਣਿਆ ਹੈ। ਅਸੀਂ ਸਮੂਹ ਸੰਗਤਾਂ ਵੱਲੋਂ ਬਾਬਾ ਜੀ ਦਾ ਧੰਨਵਾਦ ਕਰਦੇ ਹਾਂ। "

ਇਸ ਮੌਕੇ ਸੰਗਤ ਵਿੱਚ ਹਰਜੀਤ ਸਿੰਘ, ਮਨਪ੍ਰੀਤ ਸਿੰਘ, ਸ਼ਮਸ਼ੇਰ ਸਿੰਘ, ਗੁਰਸੇਵਕ ਸਿੰਘ, ਸਾਹਿਬ ਸਿੰਘ, ਦਵਿੰਦਰ ਸਿੰਘ, ਪਰਮਜੀਤ ਸਿੰਘ, ਰਣਜੀਤ ਸਿੰਘ, ਰਾਜਵੀਰ ਸਿੰਘ, ਪ੍ਰਭਜੋਤ ਸਿੰਘ, ਜਸਪਾਲ ਸਿੰਘ ਪਵਨਦੀਪ ਸਿੰਘ, ਗੁਰਵਿੰਦਰ ਸਿੰਘ, ਗਿਆਨੀ ਸੁਖਜਿੰਦਰ ਸਿੰਘ, ਹਰਜੀਤ ਸਿੰਘ ਨਿਹੰਗ, ਬਾਬਾ ਜੋਗਿੰਦਰ ਸਿੰਘ ਖਾਲਸਾ, ਗਗਨਦੀਪ ਸਿੰਘ, ਪ੍ਰਗਟ ਸਿੰਘ, ਮੂਰਤਾ ਸਿੰਘ, ਗੁਰਦਿਆਲ ਸਿੰਘ, ਬਲਦੇਵ ਸਿੰਘ, ਜਸਵੰਤ ਸਿੰਘ, ਸਰਬਜੀਤ ਸਿੰਘ ਸਰਬਜੀਤ ਸਿੰਘ (ਮੋਗਾ ਬਾਡੀ ਮੇਕਰ )ਗੁਰਜੰਟ ਸਿੰਘ, ਸਤਨਾਮ ਸਿੰਘ (ਕੇ ਕੇ ਰੋਡਵੇਜ਼) ਅਤੇ ਹੋਰ ਬੇਅੰਤ ਸੰਗਤ ਹਾਜ਼ਰ ਸੀ।

## ਭਾਰਤ ਵਿੱਚ ਯੂਰੀਆ ਉਤਪਾਦਨ ਆਪਣੀ ਕੁੱਲ ਕੱਪੈਸਿਟੀ ਦੇ ਅੱਧੇ ਤੋਂ ਵੀ ਘੱਟ ਚੱਲ ਰਿਹਾ ਹੈ।



**ਇਸ ਸਮੱਸਿਆ ਦਾ ਮੁੱਖ ਕਾਰਨ ਗੈਸ ਸਪਲਾਈ ਵਿੱਚ ਵਿਘਨ ਹੈ। ।**

ਭਾਰਤ ਵਿੱਚ ਯੂਰੀਆ ਉਤਪਾਦਨ ਆਪਣੀ ਕੁੱਲ ਕੱਪੈਸਿਟੀ ਦੇ ਅੱਧੇ ਤੋਂ ਵੀ ਘੱਟ ਚੱਲ ਰਿਹਾ ਹੈ। ਇਹ ਖ਼ਬਰ ਰੋਜ਼ਾਨਾ ਸਪੋਕਸਮੈਨ ਵੈੱਬਸਾਈਟ ਤੇ ਛਪੀ ਹੈ ਅਤੇ ਇਸ ਨੂੰ ਵੱਖ-ਵੱਖ ਮੀਡੀਆ ਸਰੋਤਾਂ ਨੇ ਵੀ ਕਵਰ ਕੀਤਾ ਹੈ। ਮੁੱਖ ਕਾਰਨ ਪੱਛਮੀ ਏਸ਼ੀਆ ਵਿੱਚ ਤਣਾਅ ਅਤੇ ਹਾਰਮੁਜ਼ ਸਟ੍ਰੇਟ ਵਿੱਚ ਐਲਐਨਜੀ (ਲਿਕੁਇਡ ਨੈਚੁਰਲ ਗੈਸ) ਦੀ ਸਪਲਾਈ ਵਿੱਚ ਵਿਘਨ ਪੈ ਰਿਹਾ ਹੈ। ਇਸ ਕਾਰਨ ਭਾਰਤੀ ਯੂਰੀਆ ਪਲਾਂਟਸ ਨੂੰ ਗੈਸ ਸਪਲਾਈ ਆਮ ਤੋਂ ਸਿਰਫ਼ 60-65% ਹੀ ਮਿਲ ਰਹੀ ਹੈ। ਕਈ ਪਲਾਂਟਸ ਵਿੱਚ ਤਾਂ ਪਿਛਲੇ ਮਹੀਨਿਆਂ ਵਿੱਚ ਹੋਈ ਮੇਨਟੇਨੈਂਸ ਅਤੇ ਟਰਨਅਰਾਊਂਡ ਨੂੰ ਜੋੜ ਕੇ ਇਹ ਅਸਰੀ ਸਪਲਾਈ 50% ਤੋਂ ਵੀ ਘੱਟ ਹੋ ਗਈ ਹੈ। ਨਤੀਜੇ ਵਜੋਂ, ਪ੍ਰਭਾਵਿਤ ਪਲਾਂਟਸ ਵਿੱਚ ਯੂਰੀਆ ਉਤਪਾਦਨ ਲਗਭਗ 50% ਘਟ ਗਿਆ ਹੈ।

ਯੂਰੀਆ ਭਾਰਤ ਵਿੱਚ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਖਾਦ ਹੈ। ਇਹ ਨਾਈਟ੍ਰੋਜਨ ਅਧਾਰਤ ਖਾਦ ਹੈ ਜੋ ਫਸਲਾਂ ਦੀ ਵਿਕਾਸ ਲਈ ਬਹੁਤ ਜ਼ਰੂਰੀ ਹੈ। ਭਾਰਤ ਦੀ ਖੇਤੀਬਾੜੀ ਅਰਥਵਿਵਸਥਾ ਵਿੱਚ ਯੂਰੀਆ ਦੀ ਮਹੱਤਤਾ ਬਹੁਤ ਵੱਡੀ ਹੈ ਕਿਉਂਕਿ ਇਸ ਨਾਲ ਅਨਾਜ, ਸਬਜ਼ੀਆਂ ਅਤੇ ਹੋਰ ਫਸਲਾਂ ਦੀ ਉਤਪਾਦਕਤਾ ਵਧਦੀ ਹੈ। ਪਰ ਜਦੋਂ ਉਤਪਾਦਨ ਘੱਟ ਹੁੰਦਾ ਹੈ ਤਾਂ ਕਿਸਾਨਾਂ ਨੂੰ ਖਾਦ ਦੀ ਕਮੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਨਾਲ ਫਸਲਾਂ ਦੀ ਕਿਸਮਤ ਖਰਾਬ ਹੋ ਸਕਦੀ ਹੈ ਅਤੇ ਭੋਜਨ ਸੁਰੱਖਿਆ ਤੇ ਅਸਰ ਪੈ ਸਕਦਾ ਹੈ।

ਇਸ ਸਮੱਸਿਆ ਦਾ ਮੁੱਖ ਕਾਰਨ ਗੈਸ ਸਪਲਾਈ ਵਿੱਚ ਵਿਘਨ ਹੈ। ਭਾਰਤ ਵਿੱਚ ਜ਼ਿਆਦਾਤਰ ਯੂਰੀਆ ਪਲਾਂਟਸ ਨੈਚੁਰਲ ਗੈਸ ਜਾਂ ਐਲਐਨਜੀ ਤੇ ਚੱਲਦੇ ਹਨ। ਪੱਛਮੀ ਏਸ਼ੀਆ (ਖਾਸ ਕਰਕੇ ਈਰਾਨ, ਕਤਰ ਅਤੇ ਹੋਰ ਦੇਸ਼ਾਂ) ਤੋਂ ਆਉਣ ਵਾਲੀ ਗੈਸ ਸਪਲਾਈ ਵਿੱਚ ਰੁਕਾਵਟ ਆ ਰਹੀ ਹੈ। ਹਾਰਮੁਜ਼ ਸਟ੍ਰੇਟ ਵਿੱਚ ਟੈਂਕਰਾਂ ਦੀ ਆਵਾਜਾਈ ਰੋਕੀ ਜਾ ਰਹੀ ਹੈ ਜਾਂ ਘੱਟ ਹੋ ਰਹੀ ਹੈ। ਇਸ ਕਾਰਨ ਪੇਟਰੋਨੈੱਟ ਐਲਐਨਜੀ, ਗੇਲ, ਇੰਡੀਅਨ ਆਇਲ ਅਤੇ ਭਾਰਤ ਪੈਟਰੋਲੀਅਮ ਵਰਗੀਆਂ ਕੰਪਨੀਆਂ ਨੇ ਫੋਰਸ ਮੇਜਰ ਘੋਸ਼ਿਤ ਕੀਤਾ ਹੈ। ਇਸ ਨਾਲ ਗੈਸ ਦੀ ਮਾਤਰਾ ਘੱਟ ਗਈ ਹੈ ਅਤੇ ਪਲਾਂਟਸ ਨੂੰ ਘੱਟ ਲੋਡ ਤੇ ਚਲਾਉਣਾ ਪੈ ਰਿਹਾ ਹੈ। ਘੱਟ ਲੋਡ ਤੇ ਚੱਲਣ ਨਾਲ ਊਰਜਾ ਖਰਚ ਵੀ 40% ਤੱਕ ਵਧ ਜਾਂਦਾ ਹੈ ਅਤੇ ਉਤਪਾਦਨ ਕੁਸ਼ਲਤਾ ਘੱਟ ਜਾਂਦੀ ਹੈ। ਪਿਛਲੇ ਸਾਲਾਂ ਵਿੱਚ ਭਾਰਤ ਨੇ ਯੂਰੀਆ ਉਤਪਾਦਨ ਵਿੱਚ ਵਾਧਾ ਕੀਤਾ ਸੀ। 2014-15 ਵਿੱਚ ਕੱਪੈਸਿਟੀ ਲਗਭਗ 207 ਲੱਖ ਮੀਟ੍ਰਿਕ ਟਨ ਸੀ ਜੋ 2023-24 ਵਿੱਚ ਵਧ ਕੇ 283.74 ਲੱਖ ਮੀਟ੍ਰਿਕ ਟਨ ਹੋ ਗਈ। ਛੇ ਨਵੇਂ ਯੂਨਿਟਸ ਨੇ 76.2 ਲੱਖ ਮੀਟ੍ਰਿਕ ਟਨ ਵਾਧਾ ਕੀਤਾ। 2023-24 ਵਿੱਚ ਰਿਕਾਰਡ 314 ਲੱਖ ਮੀਟ੍ਰਿਕ ਟਨ ਉਤਪਾਦਨ ਹੋਇਆ ਅਤੇ 2024-25 ਵਿੱਚ 306.67 ਲੱਖ ਮੀਟ੍ਰਿਕ ਟਨ ਰਿਹਾ। ਪਰ ਹੁਣ ਗੈਸ ਦੀ ਕਮੀ ਕਾਰਨ ਉਤਪਾਦਨ ਘੱਟ ਰਿਹਾ ਹੈ। ਮਾਰਚ 2026 ਵਿੱਚ ਰੋਜ਼ਾਨਾ ਉਤਪਾਦਨ ਆਮ ਤੋਂ ਅੱਧਾ ਹੋ ਗਿਆ ਹੈ। ਪਹਿਲਾਂ ਰੋਜ਼ਾਨਾ 54,500 ਟਨ ਤੋਂ ਵਧ ਕੇ ਕੁਝ ਸਮੇਂ ਲਈ 67,000 ਟਨ ਹੋਇਆ ਸੀ ਪਰ ਹੁਣ ਫਿਰ ਘਟ ਗਿਆ ਹੈ।ਇਸ ਸਥਿਤੀ ਵਿੱਚ ਸਰਕਾਰ ਨੇ ਕੁਝ ਕਦਮ ਚੁੱਕੇ ਹਨ। ਖਰੀਫ 2026 ਲਈ ਖਾਦ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਸਪਾਟ ਮਾਰਕੀਟ ਤੋਂ ਵਾਧੂ ਗੈਸ ਖਰੀਦੀ ਗਈ ਸੀ। ਇਸ ਨਾਲ ਗੈਸ ਸਪਲਾਈ 32 MMSCMD ਤੋਂ ਵਧ ਕੇ 39.31 MMSCMD ਹੋ ਗਈ ਅਤੇ ਉਤਪਾਦਨ ਵਿੱਚ 23% ਵਾਧਾ ਹੋਇਆ ਸੀ। ਪਰ ਹੁਣ ਨਵੇਂ ਤਣਾਅ ਕਾਰਨ ਫਿਰ ਸਮੱਸਿਆ ਆ ਰਹੀ ਹੈ। ਯੂਰੀਆ ਦਾ ਸਟਾਕ ਮਾਰਚ 19, 2026 ਨੂੰ 61.14 ਲੱਖ ਟਨ ਸੀ ਜੋ ਪਿਛਲੇ ਸਾਲ ਨਾਲੋਂ ਵੱਧ ਹੈ (55.22 ਲੱਖ ਟਨ)। ਇਹ ਸਟਾਕ ਮਈ ਤੱਕ ਕਾਫ਼ੀ ਹੋ ਸਕਦਾ ਹੈ ਪਰ ਲੰਬੇ ਸਮੇਂ ਲਈ ਚੁਣੌਤੀ ਹੈ।

## ਤਜਿੰਦਰ ਸਿੰਘ ਭੁੱਲਰ ਦੇ ਚਲਾਣੇ 'ਤੇ ਐਡਵੋਕੇਟ ਧਾਮੀ ਵੱਲੋਂ ਦੁੱਖ ਪ੍ਰਗਟ



ਅੰਮ੍ਰਿਤਸਰ, ਚੋਹਲਾ ਸਾਹਿਬ 22 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ;ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਰੀਬ ਤਿੰਨ ਦਹਾਕਿਆਂ ਤੋਂ ਜੇਲ੍ਹ ਅੰਦਰ ਨਜ਼ਰਬੰਦ ਭਾਈ ਦਵਿੰਦਰਪਾਲ ਸਿੰਘ ਭੁੱਲਰ ਦੇ ਭਰਾ ਤੇਜਿੰਦਰ ਸਿੰਘ ਭੁੱਲਰ ਦੇ;ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕੌਮੀ ਯੋਧੇ ਭਾਈ ਦਵਿੰਦਰਪਾਲ ਸਿੰਘ ਦਾ ਸਿੱਖ ਪੰਥ ਅੰਦਰ ਵੱਡਾ ਸਤਿਕਾਰ ਹੈ ਅਤੇ ਉਨ੍ਹਾਂ;ਦੇ ਭਰਾ ਸ. ਤੇਜਿੰਦਰ ਸਿੰਘਭੁੱਲਰ ਦੇਅਮਰੀਕਾ ਅੰਦਰ ਅਕਾਲ ਚਲਾਣਾ ਕਰ ਜਾਣ ਨਾਲ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਕੌਮੀ ਸੰਘਰਸ਼ ਨੂੰ ਸਮਰਪਿਤ ਇਸ ਪਰਿਵਾਰਜੀਅ ਦਾ ਤੁਰ ਜਾਣਾ ਪੰਥ ਲਈ ਵੀ ਉਨ੍ਹਾਂ ਹੀ ਦੁਖਦਾਈ ਹੈ ਜਿਨ੍ਹਾਂ ਕਿ ਉਨ੍ਹਾਂ;ਦੇ;ਪਰਿਵਾਰ ਲਈ। ਉਨ੍ਹਾਂ ਭਾਈ ਦਵਿੰਦਰਪਾਲ ਸਿੰਘ ਭੁੱਲਰ ਅਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਣਾਂ ਵਿਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਿਸ਼ ਕਰਨ।

## ਸਵੇਰ ਸੁਨੇਹਾ



ਬਾਪੂ 'ਤੋਂ ਸੁਣਿਆ ਸੀ ਕਿ, ਸੰਘਣੀ ਛਾਂ ਤਿਰਵੈਣੀ ਦੀ ਹੁੰਦੀ ਹੈ । ਜਿਸ ਵਿਚ ਨਿੰਮ, ਪਿੱਪਲ, ਬੋਹੜ ਤਿੰਨ ਦਰੱਖਤ ਹੁੰਦੇ ਹਨ । ਸਾਰੇ ਹੀ ਮਨੁੱਖ ਨੂੰ ਜੀਣ ਲਈ ਆਕਸੀਜ਼ਨ ਦਿੰਦੇ ਹਨ। ਇੱਕ ਦਰੱਖਤ ਬੇਰੀ ਦਾ ਵੀ ਹੁੰਦਾ ਹੈ। ਜਿਸ ਨੂੰ ਬਹੁਤ ਹੀ ਮਿੱਠਾ ਫ਼ਲ ਲੱਗਦਾ ਹੈ। ਜਿਸ ਦੀ ਤਾਰੀਫ਼ ਸਾਡੇ ਮਹਾਨ ਕਲਾਕਾਰ ਨੇ ਵੀ ਕੀਤੀ ਹੈ ਕਿ, ਬੇਰੀਆਂ ਦੇ ਬੇਰ ਖਾਣੀਏ ਸਾਨੂੰ ਗਿਟਕਾਂ ਗਿਣ 'ਤੇ ਹੀ ਰੱਖ ਲੈ। ਬਾਪੂ ਜੀ ਦੀ ਨਸੀਹਤ ਫਿਰ ਯਾਦ ਆ ਗਈ ਕਿ,ਬਾਰ ਮੂਹਰੇ ਕਦੇ ਵੀ ਬੇਰੀ ਦਾ ਬੂਟਾ ਨਹੀਂ ਲਾਉਂਦੇ। ਇਸ ਦੇ ਟਾਹਣੇ ਤੇ ਟਾਹਣੀਆਂ ਪੱਗ ਹੀ ਲਾਹੁੰਦੀਆਂ ਹਨ। ਸਰਕਾਰਾਂ ਬਹੁਤ ਵੇਖੀਆਂ, ਹੰਢਾਈਆਂ,ਛਾਂਦਾਰ ਰੁੱਖਾਂ ਦਾ ਆਨੰਦ ਮਾਣਿਆ। ਹੁਣ ਜਿਹੜੀ ਸਰਕਾਰ ਦੇ ਲੀਡਰ, ਨੇਤਾ ਸਾਡੀ ਤੇ ਆਪਣੀ ਪੱਗ ਕੰਡਿਆਂ ਨਾਲ ਪਰੂਨਣ ਲੱਗੇ ਹਨ ਤੇ ਮੰਤਰੀ ਅਸਤੀਫੇ ਦੇ ਕੇ ਭੱਜ ਰਹੇ ਹਨ। ਬਾਪੂ ਵੀ ਚੇਤੇ ਆ ਗਿਆ।

ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ।
8146593089

# ਸ਼ਹੀਦ ਸੁੱਚਾ ਸਿੰਘ ਹਾਲ 'ਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਦਿੱਤੀ ਸ਼ਰਧਾਂਜਲੀ



## ਆਪ ਦੇ ਪੰਜਾਬ ਆਗੂ ਅਤੇ ਰਾਸ਼ਟਰੀ ਬੁਲਾਰੇ ਪ੍ਰੋ: ਹਰਪ੍ਰੀਤ ਕੋਟ ਸੈਕੜੇ ਵਰਕਰਾਂ ਨੂੰ ਲੈਕੇ ਸ਼ਰਧਾਂਲੀ ਭੇਂਟ ਕਰਨ ਲਈ ਪਹੁੰਚੇ |

ਚੋਹਲਾ ਸਾਹਿਬ 22 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਪਿੰਡ ਚੋਹਲਾ ਸਾਹਿਬ ਵਿਖੇ ਸ਼ਹੀਦ ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜ੍ਹੇ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਇਲਾਕੇ ਦੀ ਪ੍ਰਮੁੱਖ ਸ਼ਖਸ਼ੀਅਤਾਂ ਵੱਲੋਂ ਹਿੱਸਾ ਲਿਆ।ਇਸ ਸਮੇਂ ਆਮ ਆਦਮੀਂ ਪਾਰਟੀ ਦੇ ਪੰਜਾਬ ਆਗੂ ਅਤੇ ਰਾਸ਼ਟਰੀ ਬੁਲਾਰੇ ਪ੍ਰੋਫੈਸਰ ਹਰਪ੍ਰੀਤ ਸਿੰਘ ਕੋਟ ਆਪਣੇ ਸੈਂਕੜੇ ਸਾਥੀਆਂ ਸਮੇਤ ਸ਼ਹੀਦ ਸੁੱਚਾ ਸਿੰਘ ਯਾਦਗਾਰੀ ਹਾਲ ਚੋਹਲਾ ਸਾਹਿਬ ਵਿਖੇ ਪਹੁੰਚੇ ਅਤੇ ਸ਼ਹੀਦਾ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਸ ਸਮੇਂ ਆਪ ਦੇ ਪੰਜਾਬ ਆਗੂ ਅਤੇ ਰਾਸ਼ਟਰੀ ਬੁਲਾਰੇ ਪ੍ਰੋ: ਹਰਪ੍ਰੀਤ ਸਿੰਘ ਕੋਟ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਸ਼ਹੀਦਾਂ ਨੂੰ ਅਤੇ ਉਹਨਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਕਿ ਸ਼ਹੀਦਾਂ ਨੂੰ ਯਾਦ ਰੱਖਣਾ ਜਿਉਂਦੀਆਂ ਕੌਮਾਂ ਦੀ ਨਿਸ਼ਾਨੀ ਹੈ।ਉਹਨਾਂ ਦੱਸਿਆ ਕਿ ਸ਼ਹੀਦ ਕੌਮ ਦਾ ਸਰਮਾਇਆ ਹੈ ਜੇਕਰ ਅਸੀਂ ਇਹਨਾਂ ਦੀਟਾਂ ਕੁਰਬਾਨੀਆਂ ਨੂੰ ਭੁਲਾ ਦਿੱਤਾ ਤਾਂ ਅੰਤ ਨਜਦੀਕ ਹੈ ।ਇਸ ਲਈ ਸਾਨੂੰ ਹਮੇਸ਼ਾਂ ਸ਼ਹੀਦਾਂ ਨੂੰ ਯਾਦ ਕਰਦੇ ਰਹਿਣਾ ਚਾਹੀਦਾ ਹੈ ਅਤੇ ਆਪਣੇ ਬੱਚਿਆਂ ਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਸਮੇਂ ਸਮੇਂ ਤੇ ਜਾਣੂ ਕਰਵਾਉਣੇ ਰਹਿਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਅੰਦਰ ਜਜਬਾ ਬਣਿਆ ਰਹੇ।ਉਹਨਾਂ ਦੱਸਿਆ ਕਿ ਜੇਕਰ ਸਾਡੇ ਬੱਚੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਦਿਲਾਂ ਵਿੱਚ ਵਸਾਉਣਗੇ ਤਾਂ ਸਮਾਜ ਵਿੱਚ ਫੈਲੀਟਾਂ ਕੁਰੀਤੀਆਂ ਨੂੰ ਜੜੋ ਖ਼ਤਮ ਕੀਤਾ ਜਾ ਸਕੇਗਾ।ਇਸ ਸਮੇਂ ਕਿਸਾਨ ਆਗੂਆਂ ਅਤੇ ਵੱਖ ਵੱਖ ਸ਼ਖਸ਼ੀਅਤਾਂ ਵੱਲੋਂ ਵੀ ਸ਼ਹੀਦਾਂ ਨੂੰ ਯਾਦ ਕੀਤਾ ਅਤੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।ਇਸ ਸਮੇਂ ਚਰਨਜੀਤ ਸਿੰਘ ਬਰਾੜ ਰਿਟਾਇਰਡ ਡੀ ਆਈ ਜੀ,ਅਮਰੀਕ ਸਿੰਘ ਖਜਾਨਚੀ,ਮਾਸਟਰ ਕਸ਼ਮੀਰ ਸਿੰਘ ਸੈਕਟਰੀ,ਸੁਖਬੀਰ ਸਿੰਘ ਪੰਨੂ ਦੇ ਸਹਿਯੋਗ ਨਾਲ ਇਹ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ।ਇਸ ਸਮੇਂ ਚੇਅਰਮੈਨ ਦਇਆ ਸਿੰਘ,ਡਾ ਇੰਦਰਜੀਤ ਸਿੰਘ ਪੰਚਾਇਤ ਮੈਂਬਰ,ਡਾਕਟਰ ਨਿਰਭੈ ਸਿੰਘ,ਸੁਖਬੀਰ ਸਿੰਘ ਪੰਨੂ ਆੜ੍ਹਤੀਆ, ਕਰਮਜੀਤ ਸਿੰਘ ਲਾਲੀ,ਪ੍ਰਭਜੀਤ ਸਿੰਘ ਫੌਜੀ,ਮੱਖਣ ਸਿੰਘ,ਬਲਕਾਰ ਸਿੰਘ,ਦਲਜੀਤ ਸਿੰਘ ਬੱਬੂ,ਕਰਮਜੀਤ ਸਿੰਘ ਫੌਜੀ ਆਦਿ ਹਾਜਰ ਸਨ।


# ਮਨਜਿੰਦਰ ਸਿੰਘ ਲਾਟੀ ਜਿਲ੍ਹਾ ਪ੍ਰਧਾਨ ਬੀਸੀਸੈੱਲ ਤਰਨ ਤਾਰਨ ਨਿਯੁਕਤ ਕੀਤੇ ਗਏ।



## ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਵੱਲੋ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। |

ਚੋਹਲਾ ਸਾਹਿਬ 22 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਬੀਤੇ ਦਿਨੀਂ ਚੋਹਲਾ ਸਾਹਿਬ ਤੋਂ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦੇ ਸੀਨੀਅਰ ਆਗੂ ਮਨਜਿੰਦਰ ਸਿੰਘ ਲਾਟੀ ਪੰਜਾਬ ਮੋਟਰਜ਼ ਵਾਲਿਆਂ ਨੂੰ ਉਹਨਾਂ ਨੂੰ ਵੱਲੋਂ ਪਾਰਟੀ ਪ੍ਰਤੀ ਨਿਭਾਈਆਂ ਜਿੰਮੇਵਾਰੀਆਂ ਨੂੰ ਵੇਖਦੇ ਹੋਏ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ,ਹੀਰਾ ਸਿੰਘ ਗਾਬੜੀਆ ਪੰਜਾਬ ਪ੍ਰਧਾਨ ਬੀਸੀਸੈੱਲ,ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਅਤੇ ਜਥੇਦਾਰ ਸਤਨਾਮ ਸਿੰਘ ਸੱਤਾ ਬਲਾਕ ਸੰਮਤੀ ਮੈਂਬਰ ਵੱਲੋਂ ਜਿਲ੍ਹਾ ਤਰਨ ਤਾਰਨ ਦੇ ਬੀਸੀਸੈੱਲ ਦੇ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਇਸ ਸਮੇਂ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਦੱਸਿਆ ਕਿ ਮਨਜਿੰਦਰ ਸਿੰਘ ਲਾਟੀ ਇੱਕ ਸੂਝਵਾਨ ਆਗੂ ਹੈ ਜੋ ਲੰਮੇ ਸਮੇਂ ਤੋਂ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਨਾਲ ਜੁੜਿਆ ਹੋਇਆ ਹੈ ਅਤੇ ਇਸਦੇ ਪਿਤਾ ਵੀ ਲੰਮੇ ਸਮੇਂ ਤੋਂ ਪਾਰਟੀ ਲਈ ਦਿਨ ਰਾਤ ਇੱਕ ਕਰ ਰਹੇ ਹਨ।ਉਹਨਾਂ ਦੱਸਿਆ ਕਿ ਮਨਜਿੰਦਰ ਸਿੰਘ ਲਾਟੀ ਦੀਆਂ ਸੇਵਾਵਾਂ ਨੂੰ ਵੇਖਦੇ ਹੋਏ ਜਿਲ੍ਹਾ ਤਰਨ ਤਾਰਨ ਦੇ ਬੀਸੀਸੈੱਲ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ ਜਿਸਤੇ ਸਮੂਹ ਪਾਰਟੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਟੀ ਜਾ ਰਹੀ ਹੈ। ਉਹਨਾਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਹਮੇਸ਼ਾਂ ਮਿਹਨਤੀ ਵਰਕਰਾਂ ਦਾ ਸਤਿਕਾਰ ਕਰਦੀ ਆਈ ਹੈ ਅਤੇ ਕਰਦੀ ਰਹੇਗੀ ਇਸੇ ਤਹਿਤ ਮਲਜਿੰਦਰ ਸਿੰਘ ਲਾਟੀ ਦਾ ਮਾਨ ਸਨਮਾਨ ਕੀਤਾ ਗਿਆ ਹੈ।ਇਸ ਸਮੇਂ ਪ੍ਰਧਾਨ ਮਨਜਿੰਦਰ ਸਿੰਘ ਲਾਟੀ ਨੇ ਦੱਸਿਆ ਕਿ ਉਹ ਪਹਿਲਾਂ ਦੀ ਤਰ੍ਹਾਂ ਹੀ ਪਾਰਟੀ ਪ੍ਰਤੀ ਦਿਨ ਰਾਤ ਕੰਮ ਕਰਦੇ ਰਹਿਣਗੇ ਉਹਨਾਂ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਕੋਈ ਵੀ ਕੰਮ ਹੋਵੇ ਤਾਂ ਤੁਰੰਤ ਉਹਨਾਂ ਨਾਲ ਸੰਪਰਕ ਕਰੇ।ਇਸ ਸਮੇਂ ਸਰਪੰਚ ਅਮਰੀਕ ਸਿੰਘ,ਡਾਇਰੈਕਟਰ ਬਲਬੀਰ ਸਿੰਘ ਬੱਲੀ,ਹਰਜਿੰਦਰ ਸਿੰਘ ਆੜ੍ਹੀਆ,ਡਾਕਟਰ ਜਤਿੰਦਰ ਸਿੰਘ,ਅਵਤਾਰ ਸਿੰਘ ਰੈਮਡ ਵਾਲੇ,ਸਰਪੰਚ ਦਲਬੀਰ ਸਿੰਘ,ਸੂਬੇਦਾਰ ਹਰਬੰਸ ਸਿੰਘ,ਸੂਬੇਦਾਰ ਸੁਰਜੀਤ ਸਿੰਘ,ਪ੍ਰਧਾਨ ਦਿਲਬਰ ਸਿੰਘ,ਗਰਦੇਵ ਸਿੰਘ,ਗੁਰਜੀਤ ਸਿੰਘ ਟੈਟ ਹਾਊਸ ਵਾਲੇ,ਸੈਕਟਰੀ ਗੁਰਦਿਆਲ ਸਿੰਘ,ਪ੍ਰਧਾਨ ਜਗਰੂਪ ਸਿੰਘ ਪੱਖੋਪੁਰ,ਮਹਿਕਦੀਪ ਸਿੰਘ ਆਸਟ੍ਰੇਲੀਆ ਵਾਲੇ,ਕੁਰਿੰਦਰਜੀਤ ਸਿੰਘ ਨਿੱਕਾ ਚੋਹਲਾ,ਬਲਜੀਤ ਸਿੰਘ ਟੈਂਟ ਹਾਊਸ ਆਦਿ ਹਾਜਰ ਸਨ।

## "ਹਕੀਕੀ ਕਾਵਿ /ਇਸੇ ਵਿੱਚ ਭਲਾਈ ਹੈ ਜੀ"



"ਹਕੀਕੀ ਕਾਵਿ /ਇਸੇ ਵਿੱਚ ਭਲਾਈ ਹੈ ਜੀ"

ਆਖਿਰ ਹੁੰਦਾ ਹੰਕਾਰ ਦਾ ਅੰਤ ਮਾੜਾ,
ਇਹੇ ਜਾਣਦੀ ਕੁੱਲ ਲੁਕਾਈ ਹੈ ਜੀ।
ਸੱਚ ਕਿਹਾ ਸਿਆਣਿਆਂ ਬੰਦਿਆਂ ਨੇ,
ਝੂਠ ਨਹੀਂ ਇਹ ਜਵਾਂ ਸੱਚਾਈ ਹੈ ਜੀ।
ਕੋਹੜ ਕਿਰਲੀ ਜਾਤ ਦੀ ਸ਼ਤੀਰੀਂ ਜੱਫੇ,
ਲਕੀਰ ਲੋਹੇ ਤੇ, ਨਹੀਂ ਭਕਾਈ ਹੈ ਜੀ।
ਨਹੀਂ ਰੱਖਿਆ ਕੁੱਝ ਵੀ ਫੁਕਰੀਆਂ ਚ,
ਕੰਮ ਆਖਿਰ ਆਉਂਦੀ ਨਰਮਾਈ ਹੈ ਜੀ।
ਜੰਗ ਨਾਲ ਨੁਕਸਾਨ ਹੁੰਦਾ ਹੈ ਬਹੁਤਾ,
ਇਹਦੇ ਵਿੱਚ ਝੂਠ ਨਹੀਓਂ ਰਾਈ ਹੈ ਜੀ।
ਸੱਚ ਕਿਹਾ ਸਿਆਣਿਆਂ ਬੰਦਿਆਂ ਨੇ,
ਆਉਣੀ ਅੰਤ ਨੂੰ ਕੰਮ ਸਮਾਈ ਹੈ ਜੀ।
ਚੱਕ ਪੱਥਰਾਂ ਨੂੰ ਸੁਣਿਐ ਹੈ ਪਾੜ ਦਿੰਦੀ,
ਇਹਨੂੰ ਸੁਨਣ ਚ ਲੱਗੇ ਅਛਾਈ ਹੈ ਜੀ।
ਦੱਦਾਹੂਰੀਆ ਨੀਵਾਂ ਰਹਿ ਸਦਾ ਜੱਗ ਅੰਦਰ,
ਇਸੇ ਵਿੱਚ ਹੀ ਸੱਭ ਦੀ ਭਲਾਈ ਹੈ ਜੀ ।

ਜਸਵੀਰ ਸ਼ਰਮਾਂ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ
95691-49556

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



ਐਲਾਨ...

ਸੋਚ ਸਮਝ ਕੇ ਐਲਾਨ ਕਰੋ। ਕਹੀ ਗੱਲ 'ਤੇ ਪਹਿਰਾ ਦੇਣਾ ਸੌਖਾ ਰਹਿੰਦੈ। ਮੂੰਹੋਂ ਨਿਕਲੀ ਗੱਲ 'ਤੇ ਖਰੇ ਨਾ ਉਤਰੋ ਤਾਂ ਵਿਸ਼ਵਾਸ਼ ਨੂੰ ਖੋਰਾ ਲਗਦਾ ਰਹਿੰਦੈ॥ ਆਧੁਨਿਕ ਭਾਰਤੀ ਰਾਜਨੀਤੀ ਦੇ ਬਹੁਤੇ ਧਨੰਤਰ ਐਲਾਨ ਕਰਕੇ ਮੁਕਰਨ 'ਚ ਮਾਹਿਰ ਮੰਨੇ ਜਾਂਦੇ ਨੇ। ਵੋਟਰਾਂ ਦੇ ਨੱਕੋ ਬੁੱਲੋਂ ਲਹਿੰਦੇ ਜਾ ਰਹੇ ਨੇ। ਵੋਟਾਂ ਦੀ ਘਟਦੀ ਪ੍ਰਤੀਸ਼ੱਤਤਾ ਲੋਕਤੰਤਰ ਲਈ ਖਤਰਾ ਬਣ ਸਕਦੀ ਹੈ॥ ਸਿਆਣਾ ਵਿਅਕਤੀ ਐਲਾਨ ਕਰਨ ਦੇ ਚੱਕਰ ਤੋਂ ਦੂਰ ਰਹਿਣਾ ਹੀ ਪਸੰਦ ਕਰਦੈ।ਬੁਲੰਦ ਇਰਾਦੇ ਨਾਲ ਐਲਾਨ ਕਰਨ ਦਾ ਮਜ਼ਾ ਹੀ ਵੱਖਰਾ ਹੁੰਦੈ॥

ਗੁਪਤ...

ਗੁਪਤ ਗੱਲ ਬਾਹਰ ਆ ਜਾਵੇ ਤਾਂ ਵੱਡੇ ਪੁਆੜੇ ਪਾ ਦਿੰਦੀ ਹੈ। ਕੁੱਝ ਵੀ ਅਜਿਹਾ ਕਰਨ ਤੋਂ ਬਚੋ ਜੋ ਗੁਪਤ ਰੱਖਣਾ ਪਵੇ॥
ਸ਼ੋਸ਼ਲ ਮੀਡੀਆ ਨੇ ਗੁਪਤ ਰੱਖਣ ਵਾਲੇ ਨਿੱਜੀ ਵਰਤਾਰਿਆਂ ਨੂੰ ਵੀ ਜਨਤਕ ਕਰਨ ਦੀ ਪ੍ਰਵਿਰਤੀ 'ਚ ਬਦਲ ਦਿੱਤੈ। ਨੇਮ ਅਤੇ ਫੇਮ ਦੇ ਚੱਕਰਾਂ ਨੇ ਨਵੀਂ ਪੀੜ੍ਹੀ ਦੇ ਬੇਚੈਨੀ ਤੇ ਕਾਹਲੀ ਦੇ ਚੱਕਰ ਵਧਾ ਦਿੱਤੇ ਨੇ॥ ਸਾਫ, ਸ਼ਪੱਸ਼ਟ ਤੇ ਸਾਦਗੀ ਵਾਲੇ ਰਾਹ ਚੱਲੋ ਤਾਂ ਕੁੱਝ ਵੀ ਗੁਪਤ ਰੱਖਣ ਦੀ ਜਰੂਰਤ ਹੀ ਨਹੀਂ ਪੈਂਦੀ ॥

--ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।



